'ਜ਼ਿਕਰ ਪੰਜਾਬ' ਨੂੰ
ਲੋੜ ਹੈ
ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅਤੇ ਕਸਬਿਆਂ ਤੋਂ ਤਜ਼ਰਬੇਕਾਰ ਪੜ੍ਹੇ-ਲਿਖੇ ਪੱਤਰਕਾਰਾਂ ਦੀ
ਸੰਪਰਕ:-
9815024577
E-mail:
zikarpunjab44@gmail.com



ਸੱਚ ਦੀ ਆਵਾਜ਼ ਹੱਕ ਦੀ ਆਵਾਜ਼

# ਜ਼ਿਕਰ ਪੰਜਾਬ

ਕੁਲ ਪੰਨੇ : 8 ਮੁੱਲ : 3/- ਰੁਪਏ
ਲੁਧਿਆਣਾ : ਸੋਮਵਾਰ, 16 ਮਾਰਚ ਤੋਂ ਐਤਵਾਰ, 22 ਮਾਰਚ, 2026

WEEKLY ZIKAR PUNJAB
ਮੁੱਖ ਸੰਪਾਦਕ : ਅਸ਼ਵਨੀ ਜੇਤਲੀ/ਸਹਿ-ਸੰਪਾਦਕ : ਬਲਵਿੰਦਰ ਕੁਮਾਰ

ਹਫਤਾਵਾਰੀ ਅਖ਼ਬਾਰ
Ludhiana : Monday, 16 March to Sunday, 22 March 2026



ਹਫਤਾਵਾਰੀ 'ਜ਼ਿਕਰ ਪੰਜਾਬ' ਅਖ਼ਬਾਰ ਵਿੱਚ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਛਪਣਯੋਗ ਸਮੱਗਰੀ ਛਪਵਾਉਣ ਲਈ
ਸੰਪਰਕ:-
9815024577
E-mail:
zikarpunjab44@gmail.com



E-mail : zikarpunjab44@gmail.com | RNI-PUNPUN/2017/75418 | ਮੋਬਾਈਲ ਨੰ. : 9815024577 | ਸਾਲ : 10 ਅੰਕ : 11 | Website : www.zikarpunjab.com




## ਪੰਜਾਬ ਵਿੱਚ ਨਿਵੇਸ਼ ਕਰੋ, ਸਰਕਾਰ ਤੁਹਾਨੂੰ ਪੂਰਾ ਸਹਿਯੋਗ ਅਤੇ ਰਿਆਇਤਾਂ ਦੇਵੇਗੀ : ਮਾਨ

### ਮੁੱਖ ਮੰਤਰੀ ਮਾਨ ਨੇ ਤਿੰਨ-ਰੋਜ਼ਾ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਦੀ ਸਮਾਪਤੀ ਮੌਕੇ ਉੱਦਮੀਆਂ ਨੂੰ ਕੀਤਾ ਸੰਬੋਧਨ

ਜ਼ਿਕਰ ਪੰਜਾਬ

**ਐਸ.ਏ.ਐਸ. ਨਗਰ (ਮੋਹਾਲੀ)/ਬਿਊਰੋ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਤਿੰਨ-ਰੋਜ਼ਾ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਦੇ ਆਖਰੀ ਦਿਨ ਉਦਯੋਗਪਤੀਆਂ ਨੂੰ ਸੰਬੋਧਨ ਕਰਦਿਆਂ ਉਦਯੋਗ ਲਈ ਸਰਕਾਰ ਦੀ ਤਰਫ਼ੋਂ ਪੂਰਾ ਸਹਿਯੋਗ ਅਤੇ ਰਿਆਇਤਾਂ ਦਾ ਭਰੋਸਾ ਦਿੱਤਾ। ਆਲਮੀ ਅਤੇ ਕੌਮੀ ਨਿਵੇਸ਼ਕਾਂ ਦੀ ਮਜ਼ਬੂਤ ਭਾਈਵਾਲੀ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਸੰਮੇਲਨ ਨੇ ਉਦਯੋਗਿਕ ਵਿਕਾਸ ਲਈ ਅਜਿਹਾ ਮਾਹੌਲ ਸਿਰਜਿਆ, ਜੋ ਸੂਬੇ ਦੀ ਆਰਥਿਕ ਤਰੱਕੀ ਨੂੰ ਹੋਰ ਰਫ਼ਤਾਰ ਦੇਵੇਗਾ। ਉਨ੍ਹਾਂ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਸੰਮੇਲਨ ਦੌਰਾਨ ਦਿੱਤੇ ਗਏ ਨਿਵੇਸ਼ ਪ੍ਰਸਤਾਵਾਂ ਅਤੇ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਮੁਲਾਂਕਣ ਕਰਨ ਲਈ ਛੇ ਮਹੀਨਿਆਂ ਬਾਅਦ ਸਮੀਖਿਆ ਸੈਸ਼ਨ ਕਰੇਗੀ। ਇਤਿਹਾਸਕ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਦੇ ਸਮਾਪਤੀ ਵਾਲੇ ਦਿਨ ਕਾਰੋਬਾਰੀ ਦਿੱਗਜ਼ਾਂ ਨਾਲ ਵਿਚਾਰ-ਚਰਚਾ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਸੰਮੇਲਨ ਵਿੱਚ ਸ਼ਾਮਲ ਹੋਣ ਅਤੇ ਸੂਬੇ ਦੀ ਆਰਥਿਕ ਤਰੱਕੀ ਵਿੱਚ ਸਰਗਰਮ ਭਾਈਵਾਲ ਬਣਨ ਲਈ ਇੱਥੇ ਆਈਆਂ ਮਾਣਯੋਗ ਸ਼ਖ਼ਸੀਅਤਾਂ ਦੇ ਸਮਰਪਣ ਨੂੰ ਬਿਆਨ ਕਰਨ ਮੇਰੇ ਕੋਲ ਸ਼ਬਦ ਵੀ ਘੱਟ ਰਹਿਣ ਜਾਣਗੇ। ਦੁਨੀਆ ਭਰ ਦੇ ਮੋਹਰੀ ਉਦਯੋਗਿਕ ਆਗੂ ਇਸ ਇਤਿਹਾਸਕ ਅਤੇ ਪ੍ਰਗਤੀਸ਼ੀਲ ਸੰਮੇਲਨ ਵਿੱਚ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਸੂਝਵਾਨ ਅਤੇ ਦੂਰਅੰਦੇਸ਼ੀ ਵਾਲਾ ਆਗੂ ਉਹੀ ਹੁੰਦਾ ਹੈ ਜੋ ਹਰ ਤਰ੍ਹਾਂ ਦੇ ਮਾਹੌਲ ਅਤੇ ਚੁਣੌਤੀਆਂ ਲਈ ਆਪਣੀ ਟੀਮ ਨੂੰ ਤਿਆਰ ਰੱਖੇ ਅਤੇ ਸੂਬਾ ਸਰਕਾਰ ਇਸੇ ਤਰਜ਼ 'ਤੇ ਕੰਮ ਕਰਦੀ ਹੈ। ਸੂਬੇ ਦੇ ਲੋਕਾਂ ਦੇ ਜਨੂੰਨ ਅਤੇ ਜਜ਼ਬੇ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀ ਹਮੇਸ਼ਾ ਸੂਝਵਾਨ ਆਗੂ ਵਜੋਂ ਵਿਚਰਦੇ ਹਨ ਅਤੇ ਅਸੀਂ ਦੇਸ਼ ਅਤੇ ਇਸ ਦੇ ਲੋਕਾਂ ਲਈ ਕੁਝ ਵੀ ਕਰ ਸਕਦੇ ਹਾਂ ਕਿਉਂਕਿ ਦੇਸ਼ ਸਾਡੇ ਲਈ



ਸਭ ਤੋਂ ਅੱਗੇ ਹੈ। ਉਨ੍ਹਾਂ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਨਵਾਂ ਉੱਭਰਦਾ ਖੇਤਰ ਹੈ ਪਰ ਮਨੁੱਖੀ ਦਿਮਾਗ ਇਸ ਤੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ, ਜੋ ਕਿ ਮਨੁੱਖੀ ਸਰੋਤ ਦੇ ਵਿਕਾਸ ਲਈ ਚੰਗਾ ਹੈ। ਇਹ ਦੇਖ ਕੇ ਖੁਸ਼ੀ ਹੁੰਦੀ ਹੈ ਕਿ ਨੀਤੀ ਨਿਰਮਾਣ ਦੇ

• ਬਾਕੀ ਸਫ਼ਾ 2 'ਤੇ

## ਨਿੱਘੀ ਮਹਿਮਾਨਨਿਵਾਜ਼ੀ ਦੇ ਨਾਲ ਪੰਜਾਬੀ ਗੀਤ-ਸੰਗੀਤ ਤੇ ਨਾਚਾਂ ਨੇ ਵੀ ਨਿਵੇਸ਼ਕਾਂ ਦਾ ਮਨ ਮੋਹਿਆ



ਜ਼ਿਕਰ ਪੰਜਾਬ

**ਮੋਹਾਲੀ :** ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2026 ਦੌਰਾਨ ਜਿੱਥੇ ਦੇਸ਼-ਵਿਦੇਸ਼ ਤੋਂ ਆਏ ਨਿਵੇਸ਼ਕ ਪੰਜਾਬ ਸਰਕਾਰ ਦੀ ਨਿਵੇਸ਼ ਪੱਖੀ ਨੀਤੀਆਂ ਤੋਂ ਬੇਹੱਦ ਪ੍ਰਭਾਵਿਤ ਹੋਏ ਉੱਥੇ ਸੂਬਾ ਸਰਕਾਰ ਦੀ ਨਿੱਘੀ ਮਹਿਮਾਨਨਿਵਾਜ਼ੀ ਦੇ ਨਾਲ ਪੰਜਾਬੀ ਗੀਤ-ਸੰਗੀਤ ਤੇ ਨਾਚਾਂ ਨੇ ਵੀ ਨਿਵੇਸ਼ਕਾਂ ਦਾ ਮਨ ਮੋਹਿਆ। ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਨੇ ਉਦਘਾਟਨੀ ਸੈਸ਼ਨ ਮੌਕੇ ਆਖਿਆ ਸੀ ਕਿ ਸੰਮੇਲਨ ਵਿੱਚ ਹਿੱਸਾ ਲੈਣ ਆਏ ਡੈਲੀਗੇਟ ਪੰਜਾਬੀ ਗਾਣੇ ਤੇ ਖਾਣੇ ਦਾ ਵੀ ਆਨੰਦ ਮਾਣਨਗੇ। ਸੰਮੇਲਨ ਦੌਰਾਨ ਮੋਹਾਲੀ ਗੋਲਫ਼ ਰੇਂਜ ਵਿਖੇ ਸੱਭਿਆਚਾਰਕ ਸ਼ਾਮ ਕਰਵਾਈ ਗਈ ਜਿਸ ਵਿੱਚ ਉੱਘੇ ਪੰਜਾਬੀ ਗਾਇਕ ਰਣਜੀਤ ਬਾਵਾ ਅਤੇ ਹਰਜੀਤ ਹਰਮਨ ਦੀ ਗਾਇਕੀ ਨੇ ਡੈਲੀਗੇਟਾਂ ਨੂੰ ਨੱਚਣ ਲਈ ਮਜਬੂਰ ਕੀਤਾ। ਇਸ ਮੌਕੇ ਜੁਗਨੀ ਸੱਭਿਆਚਾਰਕ ਗਰੁੱਪ ਵੱਲੋਂ ਪੇਸ਼ ਕੀਤੇ ਗਏ ਲੋਕ ਨਾਚ ਲੁੱਡੀ ਅਤੇ ਭੰਗੜੇ ਨੇ ਵੀ ਦਰਸ਼ਕਾਂ ਦਾ ਮਨੋਰੰਜਨ ਕਰਦਿਆਂ ਖੂਬ ਤਾੜੀਆਂ ਬਟੋਰੀਆਂ। ਰਣਜੀਤ ਬਾਵਾ ਨੇ ਆਪਣੇ ਪ੍ਰਸਿੱਧ ਗੀਤ ਗਾਉਂਦੇ ਹੋਏ ਸਮਾਂ ਬੰਨ੍ਹਿਆ। ਬਾਵਾ ਦੀ ਦਮਦਾਰ ਪੇਸ਼ਕਾਰੀ ਉੱਪਰ ਡੈਲੀਗੇਟਾਂ ਨੇ ਖੂਬ ਭੰਗੜਾ ਪਾਇਆ।ਬਾਵਾ ਨੇ ਹੈਵੀਵੇਟ ਭੰਗੜਾ, ਫੈਮਿਲੀ ਦੀ ਮੈਂਬਰ, ਸ਼ੇਰ, ਮੁਕਾਬਲਾ, ਛੋਟੇ ਛੋਟੇ ਘਰਾਂ ਆਦਿ ਹਿੱਟ ਗੀਤਾਂ ਨੇ ਸਭ ਦਾ ਮਨੋਰੰਜਨ ਕੀਤਾ। ਹਰਜੀਤ

• ਬਾਕੀ ਸਫ਼ਾ 2 'ਤੇ

## ਚੋਣ ਕਮਿਸ਼ਨ ਵੱਲੋਂ 5 ਰਾਜਾਂ 'ਚ ਵਿਧਾਨ ਸਭਾ ਚੋਣਾਂ ਦਾ ਐਲਾਨ




ਜ਼ਿਕਰ ਪੰਜਾਬ

**ਨਵੀਂ ਦਿੱਲੀ/ਬਿਊਰੋ**

### ਵੋਟਾਂ 9 ਅਪ੍ਰੈਲ ਤੋਂ ਅਤੇ ਨਤੀਜੇ 4 ਮਈ ਨੂੰ ਆਉਣਗੇ

ਚੋਣ ਕਮਿਸ਼ਨ ਨੇ ਅਸਾਮ, ਤਾਮਿਲਨਾਡੂ, ਕੇਰਲ, ਪੱਛਮੀ ਬੰਗਾਲ ਅਤੇ ਪੁਡੂਚੇਰੀ ਵਿੱਚ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਅਸਾਮ,ਕੇਰਲ ਤੇ ਪੁਡੂਚੇਰੀ ਵਿੱਚ ਚੋਣਾਂ ਇੱਕ ਪੜਾਅ ਵਿੱਚ 9 ਅਪ੍ਰੈਲ ਨੂੰ ਹੋਣਗੀਆਂ ਅਤੇ ਗਿਣਤੀ 4 ਮਈ ਨੂੰ ਹੋਵੇਗੀ ਤਾਮਿਲਨਾਡੂ ਵਿੱਚ 23 ਅਪਰੈਲ ਨੂੰ ਵੋਟਾਂ ਪੈਣਗੀਆਂ ਅਤੇ ਨਤੀਜੇ 4 ਮਈ ਨੂੰ ਆਉਣਗੇ। ਪੱਛਮੀ ਬੰਗਾਲ ਵਿੱਚ ਦੋ ਪੜਾਵਾਂ ਵਿੱਚ 23 ਅਤੇ 29 ਅਪਰੈਲ ਨੂੰ ਵੋਟਿੰਗ ਹੋਵੇਗੀ ਅਤੇ ਨਤੀਜੇ 4 ਮਈ ਨੂੰ ਐਲਾਨੇ ਜਾਣਗੇ। ਇਸ ਦੇ ਨਾਲ ਹੀ ਗੋਆ, ਕਰਨਾਟਕ, ਗੁਜਰਾਤ ਅਤੇ ਮਹਾਰਾਸ਼ਟਰ ਵਿੱਚ ਅੱਠ ਜ਼ਿਮਨੀ ਚੋਣਾਂ ਵੀ ਕਰਵਾਈਆਂ ਜਾਣਗੀਆਂ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਕਿਹਾ ਕਿ ਸ਼ੁੱਧ ਵੋਟਰ ਸੂਚੀਆਂ ਸਾਡੇ ਲੋਕਤੰਤਰ ਦੀ ਨੀਂਹ ਹਨ; ਕੋਈ ਵੀ ਯੋਗ ਵੋਟਰ ਰਹਿਣਾ ਨਹੀਂ ਚਾਹੀਦਾ ਅਤੇ ਕੋਈ ਅਯੋਗ ਵੋਟਰ ਸ਼ਾਮਲ ਨਹੀਂ ਹੋਣਾ ਚਾਹੀਦਾ। ਪੰਜ ਰਾਜਾਂ ਦੇ 824

• ਬਾਕੀ ਸਫ਼ਾ 2 'ਤੇ

## ਦੁਬਈ ਦੇ ਤਿੰਨ ਸ਼ਹਿਰਾਂ ਲਈ ਏਅਰ ਇੰਡੀਆ ਦੀਆਂ ਸਾਰੀਆਂ ਉਡਾਣਾਂ ਰੱਦ

ਜ਼ਿਕਰ ਪੰਜਾਬ

**ਨਵੀਂ ਦਿੱਲੀ/ਬਿਊਰੋ**

ਸੰਯੁਕਤ ਅਰਬ ਅਮੀਰਾਤ ਦੇ ਹਵਾਈ ਅੱਡਾ ਅਥਾਰਟੀ ਵੱਲੋਂ ਜਾਰੀ ਤਾਜ਼ਾ ਹਦਾਇਤਾਂ ਤੋਂ ਬਾਅਦ, ਏਅਰ ਇੰਡੀਆ ਅਤੇ ਏਅਰ ਇੰਡੀਆ ਐਕਸਪ੍ਰੈਸ ਨੇ ਆਪਣੀਆਂ ਕਈ ਉਡਾਣਾਂ ਨੂੰ ਰੱਦ ਕਰਨ ਦਾ ਐਲਾਨ ਕੀਤਾ ਹੈ। ਖੇਤਰੀ ਹਾਲਾਤਾਂ ਅਤੇ ਸੰਚਾਲਨ ਦੀਆਂ ਪਾਬੰਦੀਆਂ ਕਾਰਨ ਏਅਰਲਾਈਨਜ਼ ਨੂੰ ਇਹ ਸਖ਼ਤ ਫੈਸਲਾ ਲੈਣਾ ਪਿਆ ਹੈ। ਏਅਰ ਇੰਡੀਆ ਐਕਸਪ੍ਰੈਸ ਵੱਲੋਂ ਜਾਰੀ ਜਾਣਕਾਰੀ




ਅਨੁਸਾਰ, ਅੱਜ ਅਬੂ ਧਾਬੀ, ਰਾਸ ਅਲ ਖੈਮਾਹ ਅਤੇ ਸ਼ਾਰਜਾਹ ਤੋਂ ਆਉਣ-ਜਾਣ ਵਾਲੀਆਂ ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਇਸ ਦੇ ਨਾਲ ਹੀ, ਦੋਵੇਂ ਏਅਰਲਾਈਨਾਂ ਹੁਣ ਦਿੱਲੀ-ਦੁਬਈ ਸੈਕਟਰ 'ਤੇ ਸਿਰਫ਼ ਇਕ-ਇਕ ਰਾਊਂਡ ਟ੍ਰਿਪ (ਆਉਣਾ-ਜਾਣਾ) ਹੀ ਆਪਰੇਟ ਕਰਨਗੀਆਂ ਬੋਰਡ ਨੇ ਸਪੱਸ਼ਟ ਕੀਤਾ ਹੈ ਕਿ ਇਹ ਉਡਾਣਾਂ ਵੀ ਸਲਾਟ ਦੀ ਉਪਲਬਧਤਾ ਅਤੇ ਮੌਕੇ ਦੇ ਹਾਲਾਤਾਂ 'ਤੇ

• ਬਾਕੀ ਸਫ਼ਾ 2 'ਤੇ

## ਦਿੱਲੀ ਦੇ ਨਵੇਂ ਐੱਲਜੀ ਤਰਨਜੀਤ ਸਿੰਘ ਸੰਧੂ ਸ੍ਰੀ ਹਰਿਮੰਦਰ ਸਾਹਿਬ ਹੋਏ ਨਤਮਸਤਕ




ਜ਼ਿਕਰ ਪੰਜਾਬ

**ਅੰਮ੍ਰਿਤਸਰ/ਬਿਊਰੋ**

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਰਾਜਦੂਤ ਸ੍ਰੀ ਤਰਨਜੀਤ ਸਿੰਘ ਸੰਧੂ, ਦਿੱਲੀ ਦੇ ਲੈਫਟੀਨੈਂਟ ਗਵਰਨਰ ਵਜੋਂ ਆਪਣੀ ਨਵੀਂ ਅਤੇ ਵੱਕਾਰੀ ਜ਼ਿੰਮੇਵਾਰੀ ਸੰਭਾਲਣ ਤੋਂ ਬਾਅਦ ਅੱਜ ਸ਼ੁਕਰਾਨਾ ਕਰਨ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚੇ। ਉਨ੍ਹਾਂ ਨੇ ਗੁਰੂ ਚਰਨਾਂ ਵਿੱਚ ਮੱਥਾ ਟੇਕ ਕੇ ਅਸ਼ੀਰਵਾਦ ਲਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਮੀਡੀਆ ਨਾਲ ਗੱਲਬਾਤ ਕਰਦਿਆਂ ਸ. ਸੰਧੂ ਕਾਫੀ ਭਾਵੁਕ ਨਜ਼ਰ ਆਏ। ਉਨ੍ਹਾਂ ਨੇ ਆਪਣੇ ਪਰਿਵਾਰਕ ਪਿਛੋਕੜ ਅਤੇ ਸ੍ਰੀ ਹਰਿਮੰਦਰ ਸਾਹਿਬ ਨਾਲ ਜੁੜੀ ਡੂੰਘੀ ਸ਼ਰਧਾ ਦਾ ਜ਼ਿਕਰ ਕਰਦਿਆਂ ਕਿਹਾ, "ਦਰਬਾਰ ਸਾਹਿਬ ਨੇ ਹਮੇਸ਼ਾ ਮੇਰੇ ਪਰਿਵਾਰ ਨੂੰ ਸ਼ਕਤੀ ਅਤੇ ਅਸੀਸਾਂ ਦਿੱਤੀਆਂ ਹਨ। ਮੇਰੇ ਦਾਦਾ ਸ. ਤੇਜਾ ਸਿੰਘ ਸਮੁੰਦਰੀ ਜੀ ਨੇ 'ਚਾਬੀਆਂ ਦੇ ਮੋਰਚੇ' ਅਤੇ 'ਗੁਰੂ ਕਾ ਬਾਗ ਮੋਰਚੇ' ਵਰਗੇ ਇਤਿਹਾਸਕ ਸਿੱਖ ਸੰਘਰਸ਼ਾਂ ਵਿੱਚ ਬਹੁਤ ਅਹਿਮ ਭੂਮਿਕਾ ਨਿਭਾਈ ਸੀ। ਅੱਜ ਮੈਂ ਉਹੀ ਗੁਰੂ ਘਰ ਦੀ ਬਖਸ਼ਿਸ਼ ਪ੍ਰਾਪਤ ਕਰਕੇ ਆਪਣੀ ਨਵੀਂ ਜ਼ਿੰਮੇਵਾਰੀ ਨਿਭਾਉਣ ਲਈ ਦਿੱਲੀ ਜਾ ਰਿਹਾ ਹਾਂ। ਸ. ਸੰਧੂ ਨੇ ਕਿਹਾ ਕਿ ਜਿਸ ਤਰ੍ਹਾਂ ਉਨ੍ਹਾਂ ਦੇ ਵਡੇਰਿਆਂ ਸ. ਤੇਜਾ ਸਿੰਘ ਸਮੁੰਦਰੀ ਅਤੇ ਸ. ਬਿਸ਼ਨ ਸਿੰਘ ਸਮੁੰਦਰੀ ਨੇ ਅੰਮ੍ਰਿਤਸਰ ਦਾ ਨਾਮ ਵਿਸ਼ਵ ਭਰ ਵਿੱਚ ਰੌਸ਼ਨ ਕੀਤਾ, ਉਹ ਵੀ ਉਸੇ ਪੈੜ-ਚਾਲ 'ਤੇ ਚੱਲਦਿਆਂ ਪੂਰੀ ਨਿਸ਼ਠਾ ਨਾਲ ਕੰਮ ਕਰਨਗੇ। ਉਨ੍ਹਾਂ ਮੰਨਿਆ ਕਿ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਚੁਣੌਤੀਆਂ ਅਤੇ ਮੁਸ਼ਕਿਲਾਂ ਕਾਫੀ ਵੱਡੀਆਂ ਹਨ, ਪਰ ਉਹ ਇਨ੍ਹਾਂ ਚੁਣੌਤੀਆਂ ਨੂੰ ਮੌਕਿਆਂ ਵਿੱਚ ਬਦਲ ਕੇ ਸਫਲਤਾ ਹਾਸਲ ਕਰਨਗੇ। ਉਨ੍ਹਾਂ

• ਬਾਕੀ ਸਫ਼ਾ 2 'ਤੇ

### ਕਈ ਜਗ੍ਹਾ ਹਲਕੀ ਬੂੰਦਾਬਾਂਦੀ

## ਅਗਲੇ ਪੰਜ ਦਿਨਾਂ ਲਈ ਮੀਂਹ ਦੀ ਚੇਤਾਵਨੀ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਪੰਜਾਬ 'ਚ ਅੱਜ ਤੜਕਸਾਰ ਤੋਂ ਹੋ ਰਹੀ ਹਲਕੀ ਬੂੰਦਾਬਾਂਦੀ ਨੇ ਮੌਸਮ ਦਾ ਮਿਜ਼ਾਜ ਪੂਰੀ ਤਰ੍ਹਾਂ ਬਦਲ ਦਿੱਤਾ ਹੈ, ਜਿਸ ਨਾਲ ਮਾਰਚ ਦੇ ਸ਼ੁਰੂਆਤੀ ਦਿਨਾਂ ਵਿੱਚ ਅਚਾਨਕ ਵਧੀ ਗਰਮੀ ਤੋਂ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ



ਖੇਤਰੀ ਖੋਜ਼ ਕੇਂਦਰ ਦੇ ਸਾਬਕਾ ਵਿਗਿਆਨੀ ਡਾ. ਜੀ.ਐੱਸ. ਰੋਮਾਣਾ ਅਨੁਸਾਰ ਪੱਛਮੀ ਗੜਬੜੀ ਦੇ ਸਰਗਰਮ ਹੋਣ ਕਾਰਨ ਅਗਲੇ 8-10 ਦਿਨ ਮੌਸਮ ਖ਼ੁਸ਼ਗਵਾਰ ਬਣਿਆ ਰਹੇਗਾ ਅਤੇ ਆਉਣ ਵਾਲੇ ਪੰਜ ਦਿਨਾਂ ਵਿੱਚ ਮਾਲਵਾ, ਮਾਝਾ ਤੇ ਦੁਆਬਾ ਖੇਤਰਾਂ ਵਿੱਚ ਦਰਮਿਆਨੇ ਤੋਂ ਭਾਰੀ ਮੀਂਹ ਦੀ ਸੰਭਾਵਨਾ ਹੈ। ਮੌਸਮ ਵਿਭਾਗ ਦੀ ਇਸ ਭਵਿੱਖਬਾਣੀ ਨੇ ਜਿੱਥੇ ਆਮ ਲੋਕਾਂ ਨੂੰ ਤਪਸ਼ ਤੋਂ ਨਿਜਾਤ ਦਿਵਾਈ ਹੈ, ਉੱਥੇ ਹੀ ਖੇਤੀ ਮਾਹਿਰਾਂ ਨੇ ਆਉਣ ਵਾਲੇ ਦਿਨਾਂ ਵਿੱਚ ਤਾਪਮਾਨ ਵਿੱਚ ਹੋਰ ਗਿਰਾਵਟ ਦੀ ਉਮੀਦ ਜਤਾਈ ਹੈ। ਮੌਸਮ ਵਿੱਚ ਆਈ ਇਸ ਤਬਦੀਲੀ ਨੇ

• ਬਾਕੀ ਸਫ਼ਾ 2 'ਤੇ

### ਅੰਮ੍ਰਿਤਸਰ ਵਿੱਚ ਸਰਹੱਦ ਪਾਰੋਂ ਚਲ ਰਹੇ ਤਸਕਰੀ ਮਾਡਿਊਲਾਂ ਨਾਲ ਜੁੜੇ

## 6 ਵਿਅਕਤੀ ਗ੍ਰਿਫ਼ਤਾਰ; ਤਿੰਨ ਪੀਐਕਸ-5.7 ਸਮੇਤ 6 ਪਿਸਤੌਲਾਂ ਬਰਾਮਦ

ਜ਼ਿਕਰ ਪੰਜਾਬ

**ਅੰਮ੍ਰਿਤਸਰ/ਬਿਊਰੋ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੌਰਾਨ ਇੱਕ ਵੱਡੀ ਸਫਲਤਾ ਹਾਸਲ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਛੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਛੇ ਆਧੁਨਿਕ ਪਿਸਤੌਲ ਅਤੇ 3.5 ਕਿਲੋ ਹੈਰੋਇਨ ਬਰਾਮਦ ਕਰਕੇ ਸਰਹੱਦ ਪਾਰੋਂ ਹਥਿਆਰਾਂ ਅਤੇ ਨਸ਼ਿਆਂ ਦੀ ਤਸਕਰੀ ਦੇ ਦੋ ਵੱਖ-ਵੱਖ ਮਾਡਿਊਲਾਂ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰਕੈਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਕਰਨ ਸਿੰਘ (26), ਗੁਰਪ੍ਰੀਤ ਸਿੰਘ ਉਰਫ਼ ਗੋਪੀ (22), ਰਾਕੇਸ਼ ਉਰਫ਼ ਕੇਸ਼ੂ (26), ਚਮਕੌਰ ਸਿੰਘ ਉਰਫ਼ ਚਮਕੌਰ (23), ਚਾਰੋਂ ਵਾਸੀ ਖੇਮਕਰਨ, ਤਰਨਤਾਰਨ ਅਤੇ ਮੱਖਣਦੀਨ ਉਰਫ਼ ਮੱਖਣ (22) ਵਾਸੀ ਨਾਗ ਕਲਾਂ, ਅੰਮ੍ਰਿਤਸਰ ਅਤੇ ਜਸਬੀਰ ਸਿੰਘ ਉਰਫ਼ ਬੀਰਾ ਉਰਫ਼ ਰਘੂ (19) ਵਾਸੀ ਪਿੰਡ ਮੂਲੇਚੱਕ, ਅੰਮ੍ਰਿਤਸਰ ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਤਿੰਨ ਪੀ ਐਕਸ 5.7ਗ28 ਐਮਐਮ ਟੀਆਈਐਸਏਐਸ ਟਰਕੀ ਪਿਸਤੌਲ, ਦੋ .30 ਬੋਰ ਅਤੇ ਇੱਕ 9 ਐਮਐਮ ਪਿਸਤੌਲ ਤੋਂ ਇਲਾਵਾ 60 ਜ਼ਿੰਦਾ ਕਾਰਤੂਸਾਂ ਵੀ ਸ਼ਾਮਲ ਹਨ। ਇਸ ਕਾਰਵਾਈ ਵਿੱਚ ਬਰਾਮਦ ਕੀਤੇ ਗਏ ਆਧੁਨਿਕ ਆਟੋਮੈਟਿਕ ਪੀ ਐਕਸ 5.7ਗ28 ਐਮਐਮ ਟੀ ਆਈ ਐਸ ਏ ਐਸ ਟਰਕੀ ਸੀਰੀਜ਼ ਪਿਸਤੌਲ ਨਵੀਨਤਮ ਹਥਿਆਰ ਹੈ ਅਤੇ ਇਹ ਦੁਰਲੱਭ ਬਰਾਮਦਗੀਆਂ ਵਿੱਚੋਂ ਇੱਕ ਹਨ। ਡੀਜੀਪੀ ਗੌਰਵ ਯਾਦਵ ਨੇ



ਕਿਹਾ ਕਿ ਮੁੱਢਲੀ ਜਾਂਚ ਵਿੱਚ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੇ ਪਾਕਿਸਤਾਨ-ਅਧਾਰਤ ਤਸਕਰਾਂ ਨਾਲ ਸਬੰਧਾਂ ਦਾ ਖੁਲਾਸਾ ਹੋਇਆ ਹੈ, ਜੋ ਡਰੋਨ ਜ਼ਰੀਏ ਭਾਰਤ-ਪਾਕਿਸਤਾਨ ਸਰਹੱਦ ਦੇ ਨੇੜੇ ਹਥਿਆਰਾਂ ਅਤੇ ਨਸ਼ਿਆਂ ਦੀ ਸਪਲਾਈ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਦੋਸ਼ੀ ਸਰਹੱਦ ਪਾਰ ਦੇ ਇੱਕ ਹੈਂਡਲਰ

• ਬਾਕੀ ਸਫ਼ਾ 2 'ਤੇ

### ਬਸਪਾ ਦੀ ਰੈਲੀ 'ਚ ਭਾਰੀ ਇਕੱਠ

## 2027 'ਚ ਪੰਜਾਬ ਵਿੱਚ ਸਰਕਾਰ ਬਣਾਉਣ ਦਾ ਸੰਕਲਪ

### ਸਾਰਿਆਂ ਨੂੰ ਚੰਗੀ ਸਿਹਤ, ਸਿੱਖਿਆ ਸੁਵਿਧਾਵਾਂ ਤੇ ਰੁਜ਼ਗਾਰ ਦੇਣਾ ਬਸਪਾ ਸਰਕਾਰ ਦਾ ਮੁੱਖ ਏਜੰਡਾ ਹੋਵੇਗਾ : ਪ੍ਰਤਾਪ ਸਿੰਘ, ਕਰੀਮਪੁਰੀ

ਜ਼ਿਕਰ ਪੰਜਾਬ

**ਬੰਗਾ/ਬਿਊਰੋ**

ਬਹੁਜਨ ਸਮਾਜ ਪਾਰਟੀ (ਬਸਪਾ) ਵੱਲੋਂ ਅੱਜ ਬਹਿਰਾਮ ਦੀ ਦਾਣਾ ਮੰਡੀ ਵਿੱਚ ਕੀਤੀ ਗਈ 'ਸੱਤਾ ਪ੍ਰਾਪਤ ਕਰੋ' ਰੈਲੀ ਵਿੱਚ ਮੀਂਹ ਦੇ ਬਾਵਜੂਦ ਲੋਕਾਂ ਦਾ ਭਾਰੀ ਇਕੱਠ ਹੋਇਆ। ਬਸਪਾ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਜੀ ਦੇ ਜਨਮਦਿਵਸ ਮੌਕੇ ਹੋਈ ਇਸ ਰੈਲੀ ਵਿੱਚ 2027 ਵਿੱਚ ਪੰਜਾਬ ਵਿੱਚ ਬਸਪਾ ਦੀ ਸਰਕਾਰ ਬਣਾਉਣ ਦਾ ਐਲਾਨ ਕੀਤਾ ਗਿਆ। ਬਸਪਾ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਦੀ ਅਗਵਾਈ ਵਿੱਚ ਹੋਈ ਇਸ ਰੈਲੀ ਵਿੱਚ ਪਾਰਟੀ ਦੇ ਕੇਂਦਰੀ ਇੰਚਾਰਜ ਪ੍ਰਤਾਪ ਸਿੰਘ ਮੁੱਖ ਮਹਿਮਾਨ ਵੱਜੋਂ ਪਹੁੰਚੇ। ਰੈਲੀ ਨੂੰ ਸੰਬੋਧਿਤ ਕਰਦਿਆਂ ਪ੍ਰਤਾਪ ਸਿੰਘ ਤੇ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਜੀ ਨੇ ਗੈਰਬਰਾਬਰੀ ਦੇ ਪ੍ਰਬੰਧ ਨੂੰ ਖਤਮ ਕਰਕੇ ਭਾਈਚਾਰੇ ਤੇ ਖੁਸ਼ਹਾਲੀ ਦੀ ਸਥਾਪਨਾ ਲਈ ਬਸਪਾ ਦੇ ਰੂਪ 'ਚ ਅੰਦੋਲਨ ਦਿੱਤਾ। ਬਸਪਾ ਦਾ ਅੰਦੋਲਨ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਕੇ ਅਣਖ ਨਾਲ ਜੀਊਣ ਦੀ ਸੇਧ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਸੱਤਾ ਵਿੱਚ ਰਹੀਆਂ ਕਾਂਗਰਸ, ਅਕਾਲੀ-ਭਾਜਪਾ ਤੇ ਆਪ ਸਰਕਾਰਾਂ ਨੇ ਦਲਿਤਾਂ, ਪੱਛੜਿਆਂ, ਗਰੀਬਾਂ ਨੂੰ ਪੈਰਾਂ 'ਤੇ ਖੜਾ ਕਰਨ ਦੀ ਬਜਾਏ, ਉਨ੍ਹਾਂ ਨੂੰ ਰਾਸ਼ਨ ਤੱਕ ਸੀਮਤ ਕਰਕੇ ਰੱਖ ਦਿੱਤਾ ਹੈ। ਸਿਹਤ, ਸਿੱਖਿਆ ਤੇ ਰੁਜ਼ਗਾਰ ਵਰਗੀਆਂ ਮੁੱਢਲੀਆਂ ਸਹੂਲਤਾਂ ਉਨ੍ਹਾਂ ਤੋਂ ਦੂਰ ਕਰ ਦਿੱਤੀਆਂ ਗਈਆਂ ਹਨ। ਸਿੱਖਿਆ ਕ੍ਰਾਂਤੀ ਦੇ ਦਾਅਵੇ ਕਰਨ ਵਾਲੀ ਆਪ ਸਰਕਾਰ ਦੇ ਰਾਜ ਵਿੱਚ ਸਕੂਲਾਂ ਵਿੱਚ 45 ਫੀਸਦੀ ਅਧਿਆਪਕ ਨਹੀਂ ਹਨ ਤੇ 55 ਫੀਸਦੀ ਪ੍ਰਿੰਸੀਪਲਾਂ ਦੀਆਂ ਪੋਸਟਾਂ ਖਾਲੀ ਹਨ। ਇਸੇ ਤਰ੍ਹਾਂ ਡਾਕਟਰਾਂ ਤੇ ਬੁਨਿਆਦੀ ਢਾਂਚੇ ਦੀ ਘਾਟ ਕਾਰਨ ਸਰਕਾਰੀ ਹਸਪਤਾਲਾਂ ਦੀ ਹਾਲਤ ਖਰਾਬ ਹੈ।ਡਾ. ਕਰੀਮਪੁਰੀ ਨੇ ਕਿਹਾ ਕਿ ਕਾਂਗਰਸ, ਅਕਾਲੀ-ਭਾਜਪਾ ਤੇ ਆਪ ਦੀਆਂ ਸਰਕਾਰਾਂ ਸੂਬੇ ਵਿੱਚੋਂ ਨਸ਼ਾ ਖਤਮ ਕਰਨ ਦੇ ਦਾਅਵੇ ਕਰਦੀਆਂ ਰਹੀਆਂ ਹਨ, ਜਦਕਿ ਅਸਲ ਵਿੱਚ ਨਸ਼ਾ ਖਤਮ ਹੋਣ ਦੀ ਬਜਾਏ ਪਹਿਲਾਂ ਨਾਲੋਂ ਵੀ ਜ਼ਿਆਦਾ ਵਿਕ ਰਿਹਾ ਹੈ। ਮਾਵਾਂ ਦੇ ਪੁੱਤ ਨਸ਼ੇ ਦੇ ਜਾਲ ਵਿੱਚ ਫਸ ਕੇ ਲਾਸ਼ਾਂ ਵਿੱਚ ਤਬਦੀਲ ਹੋ ਰਹੇ ਹਨ। ਆਪ ਸਰਕਾਰ ਕਿਸਾਨਾਂ ਕਿਰਤੀਆਂ, ਮੁਲਾਜ਼ਮਾਂ, ਵਿਦਿਆਰਥੀਆਂ ਦੀਆਂ ਮੰਗਾਂ ਮੰਨਣ ਦੀ ਬਜਾਏ ਉਨ੍ਹਾਂ 'ਤੇ ਲਾਠੀਚਾਰਜ ਕਰਵਾ ਰਹੀ ਹੈ। ਇਸੇ ਤਰ੍ਹਾਂ ਸੂਬੇ ਵਿੱਚ ਕਾਨੂੰਨ ਵਿਵਸਥਾ ਵਿਗੜਨ ਕਰਕੇ ਰੋਜ਼ਾਨਾ ਗੋਲੀਆਂ ਚੱਲ ਰਹੀਆਂ ਹਨ, ਜਿਸ ਵਿੱਚ ਬੇਗੁਨਾਹ ਮਾਰੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕ ਇਨ੍ਹਾਂ ਪਾਰਟੀਆਂ ਦੀਆਂ ਸਰਕਾਰਾਂ ਤੋਂ ਤੰਗ ਆ ਚੁੱਕੇ ਹਨ ਤੇ 2027 ਵਿੱਚ ਉਹ ਸੂਬੇ ਵਿੱਚ ਬਸਪਾ ਦੀ ਸਰਕਾਰ ਬਣਾਉਣ ਲਈ ਤਿਆਰ ਬੈਠੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਬਸਪਾ ਦੀ ਸਰਕਾਰ ਬਣਾ ਕੇ ਖੁਸ਼ਹਾਲੀ, ਤਰੱਕੀ ਤੇ ਭਾਈਚਾਰੇ ਵਾਲੇ ਪ੍ਰਬੰਧ ਦੀ ਸਥਾਪਨਾ ਕੀਤੀ ਜਾਵੇਗੀ। ਸਾਰਿਆਂ ਨੂੰ ਚੰਗੀ ਸਿਹਤ, ਸਿੱਖਿਆ ਸੁਵਿਧਾਵਾਂ ਤੇ



• ਬਾਕੀ ਸਫ਼ਾ 2 'ਤੇ

## ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਮੇਅਰ ਇੰਦਰਜੀਤ ਕੌਰ ਨੇ 'ਰਨ ਫਾਰ ਹਿਊਮੈਨਿਟੀ' ਨੂੰ ਹਰੀ ਝੰਡੀ ਦਿੱਤੀ

### ਸ਼ਾਂਤੀ ਤੇ ਸਦਭਾਵਨਾ ਦਾ ਸੰਦੇਸ਼ ਦੇਣ ਲਈ ਲੁਧਿਆਣਾ ਵਿੱਚ ਮੈਰਾਥਨ ਆਯੋਜਿਤ

ਜ਼ਿਕਰ ਪੰਜਾਬ

**ਲੁਧਿਆਣਾ/ਰਾਕੇਸ਼ ਅਰੋੜਾ**

ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਵਧ ਰਹੇ ਵਿਸ਼ਵ-ਵਿਆਪੀ ਤਣਾਅ ਅਤੇ ਟਕਰਾਅ ਦੇ ਵਿਚਕਾਰ ਐਤਵਾਰ ਨੂੰ ਹਜ਼ਾਰਾਂ ਦੌੜਾਕ ਦਸਵੰਧ ਫਾਊਂਡੇਸ਼ਨ ਦੁਆਰਾ ਟੀਮ 1699 ਦੇ ਸਹਿਯੋਗ ਨਾਲ ਆਯੋਜਿਤ 'ਰਨ ਫਾਰ ਹਿਊਮੈਨਿਟੀ' ਮੈਰਾਥਨ ਵਿੱਚ ਹਿੱਸਾ ਲੈਣ ਲਈ ਲੁਧਿਆਣਾ ਸ਼ਹਿਰ ਵਿੱਚ ਇਕੱਠੇ ਹੋਏ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਸ਼ਾਂਤੀ, ਏਕਤਾ ਅਤੇ ਹਮਦਰਦੀ ਦਾ ਸੰਦੇਸ਼ ਫੈਲਾਉਣ ਦੇ ਉਦੇਸ਼ ਨਾਲ ਆਯੋਜਿਤ ਮੈਰਾਥਨ ਵਿੱਚ ਹਿੱਸਾ ਲਿਆ। ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ, 'ਅੱਜ ਦੇ ਸਮੇਂ ਵਿੱਚ, ਜਦੋਂ ਦੁਨੀਆ ਭਰ ਵਿੱਚ ਅਸ਼ਾਂਤੀ ਦਾ ਮਾਹੌਲ ਹੈ, ਸ਼ਾਂਤੀ ਦਾ ਸੰਦੇਸ਼ ਫੈਲਾਉਣ ਦੀ ਲੋੜ ਹੈ। ਪੰਜਾਬ ਦੀ ਧਰਤੀ 'ਤੇ, ਮਨੁੱਖਤਾ ਹਮੇਸ਼ਾ ਪ੍ਰਫੁੱਲਤ ਰਹੀ ਹੈ। ਅਸੀਂ ਬਹੁਤ ਖੁਸ਼ਕਿਸਮਤ ਹਾਂ ਕਿ ਇਸ ਧਰਤੀ 'ਤੇ ਜਨਮ ਲਿਆ ਹੈ ਜਿੱਥੇ ਸਾਰੇ ਧਰਮਾਂ ਨੂੰ ਬਰਾਬਰ ਅਤੇ ਸਤਿਕਾਰਿਆ ਜਾਂਦਾ ਹੈ।' ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਪੰਜਾਬ ਨੂੰ ਇੱਕ ਵਾਰ ਫਿਰ ਜੀਵੰਤ ਅਤੇ ਖੁਸ਼ਹਾਲ ਬਣਾਉਣ ਲਈ ਅੱਗੇ ਵਧ ਰਹੀ ਹੈ। ਉਨ੍ਹਾਂ ਲੁਧਿਆਣਾ ਮੈਰਾਥਨ ਵਿੱਚ ਪੰਜਾਬ ਦੀ ਅੰਤਰ-ਧਰਮ ਵਿਰਾਸਤ ਦੀ ਪ੍ਰਸ਼ੰਸਾ ਕੀਤੀ ਅਤੇ ਸਮਾਜ ਦੇ ਸਾਰੇ ਵਰਗਾਂ ਦੇ ਲੋਕਾਂ ਨੂੰ ਇੱਕ ਵਾਰ ਫਿਰ ਪੰਜਾਬ ਨੂੰ 'ਸੋਨੇ ਦੀ ਚਿੜੀ' ਬਣਾਉਣ ਵਿੱਚ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਐਨ.ਜੀ.ਓ ਐਕਟ ਹਿਊਮਨ ਦੀ ਹਰਲੀਨ ਕੌਰ ਅਤੇ ਹਰਦੀਪ ਕੌਰ ਬੋਪਾਰਾਏ ਦਸਵੰਧ ਫਾਊਂਡੇਸ਼ਨ ਦੇ ਮਹਿਲਾ ਵਿੰਗ ਦੀ ਪ੍ਰਧਾਨ ਦੇ ਨਾਲ ਮੈਰਾਥਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਮੈਰਾਥਨ ਸਵੇਰੇ ਘੁਮਾਰ ਮੰਡੀ ਚੌਕ ਲੁਧਿਆਣਾ ਤੋਂ ਸ਼ੁਰੂ ਹੋਈ ਅਤੇ ਰਾਣੀ ਝਾਂਸੀ ਰੋਡ 'ਤੇ ਸਮਾਪਤ ਹੋਣ ਤੋਂ ਪਹਿਲਾਂ ਕਾਲਜ ਰੋਡ, ਪ੍ਰਿੰਸ ਹੋਸਟਲ ਅਤੇ ਫੌਆਰਾ ਚੌਕ ਸਮੇਤ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਲੰਘੀ। ਦਸਵੰਧ ਫਾਊਂਡੇਸ਼ਨ ਦੇ ਪ੍ਰਧਾਨ ਜਸਦੇਵ ਸੇਖੋਂ, ਸਿੱਖ ਵਿਦਵਾਨ ਪਰਮਪਾਲ ਸਿੰਘ, ਸੰਸਥਾਪਕ ਟੀਮ 1699 ਗੁਰਸਾਹਿਬ ਸਿੰਘ, ਕੇ.ਪੁਸ਼ਪਿੰਦਰ ਸਿੰਘ, ਦਵਿੰਦਰ ਨਾਗੀ, ਪਰਮਿੰਦਰ ਸਿੰਘ, ਗੁਰਦੀਪ ਸਿੰਘ ਅਤੇ ਸੁਖਦੇਵ ਸਿੰਘ ਫਗਵਾੜਾ ਦੀ ਅਗਵਾਈ ਵਾਲੀ ਪ੍ਰਬੰਧਕ ਟੀਮ ਨੇ ਦੱਸਿਆ ਕਿ ਵੱਖ-ਵੱਖ ਉਮਰ ਸਮੂਹਾਂ ਦੇ ਹਜ਼ਾਰਾਂ ਭਾਗੀਦਾਰ, ਜਿਨ੍ਹਾਂ ਵਿੱਚ ਨੌਜਵਾਨ, ਸੀਨੀਅਰ ਨਾਗਰਿਕ ਅਤੇ ਸਮਾਜਿਕ ਸੰਗਠਨਾਂ ਦੇ ਮੈਂਬਰ ਸ਼ਾਮਲ ਸਨ, ਨੇ ਮਨੁੱਖੀ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ






• ਬਾਕੀ ਸਫ਼ਾ 2 'ਤੇ

ਸੰਪਾਦਕੀ

# ਜ਼ਿੰਦਗੀ ਤੇ ਮੌਤ ਦੋਵੇਂ ਸਨਮਾਨਜਨਕ ਹੋਣ

ਸੁਪਰੀਮ ਕੋਰਟ ਵੱਲੋਂ ਪਿਛਲੇ 13 ਸਾਲਾਂ ਤੋਂ ਕੌਮਾ ਵਿੱਚ ਪਏ 32 ਸਾਲਾ ਨੌਜਵਾਨ ਨੂੰ ਇੱਛਾ ਮੌਤ (ਪੈਸਿਵ ਯੂਥਨੇਸ਼ੀਆ) ਦੀ ਇਜਾਜਤ ਦੇਣਾ ਭਾਰਤੀ ਨਿਆਂਪਾਲਿਕਾ ਦੇ ਇਤਿਹਾਸ ਵਿੱਚ ਇੱਕ ਅਹਿਮ ਮੋੜ ਮੰਨਿਆ ਜਾ ਰਿਹਾ ਹੈ। ਅਦਾਲਤ ਨੇ ਬਣਾਉਟੀ ਜੀਵਨ ਰੱਖਿਆ ਸਹਾਇਤਾ ਹਟਾਉਣ ਦੀ ਪ੍ਰਵਾਨਗੀ ਦੇ ਕੇ ਪਹਿਲਾਂ ਤੈਅ ਕੀਤੇ ਗਏ ਨਿਯਮਾਂ 'ਤੇ ਪਹਿਲੀ ਵਾਰ ਅਮਲ ਕੀਤਾ ਹੈ । ਇਹ ਮਾਮਲਾ ਉਹਨਾਂ ਪਰਿਵਾਰਾਂ ਦੀ ਮਾਨਸਿਕ ਪੀੜਾ ਨੂੰ ਵੀ ਉਜਾਗਰ ਕਰਦਾ ਹੈ ਜਿਨ੍ਹਾਂ ਦੇ ਮਰੀਜ਼ਾਂ ਦੇ ਠੀਕ ਹੋਣ ਦੀ ਕੋਈ ਸੰਭਾਵਨਾ ਨਹੀਂ ਰਹਿੰਦੀ, ਪਰ ਉਹ ਲੰਮੇ ਸਮੇਂ ਤੱਕ ਬਣਾਉਟੀ ਜੀਵਨ ਰੱਖਿਆ ਪ੍ਰਣਾਲੀ ਦੇ ਸਹਾਰੇ



ਜੀਉਂਦੇ ਰਹਿੰਦੇ ਹਨ। ਮੈਡੀਕਲ ਬੋਰਡਾਂ ਦੇ ਅਨੁਸਾਰ ਅਜਿਹੇ ਮਾਮਲਿਆਂ ਵਿੱਚ ਲੰਮਾ ਡਾਕਟਰੀ ਇਲਾਜ ਕਿਸੇ ਹਕੀਕਤੀ ਨਤੀਜੇ ਤੱਕ ਨਹੀਂ ਲੈ ਜਾਂਦਾ ਅਤੇ ਕੇਵਲ ਮਰੀਜ਼ ਦੀ ਸਾਹ ਪ੍ਰਕਿਰਿਆ ਹੀ ਚੱਲਦੀ ਰਹਿੰਦੀ ਹੈ, ਜਿਸ ਨਾਲ ਪੀੜਤ ਨੂੰ ਹੋਰ ਤਕਲੀਫ ਹੋ ਸਕਦੀ ਹੈ। ਅਦਾਲਤ ਦਾ ਇਹ ਫੈਸਲਾ ਇਸ ਗੱਲ ਨੂੰ ਸਵੀਕਾਰ ਕਰਦਾ ਹੈ ਕਿ ਸਿਰਫ ਸਨਮਾਨ ਨਾਲ ਜੀਉਣਾ ਹੀ ਨਹੀਂ, ਸਗੋਂ ਮੌਤ ਵੀ ਸਨਮਾਨਜਨਕ ਹੋਣੀ ਚਾਹੀਦੀ ਹੈ। ਭਾਰਤ ਵਿੱਚ ਇੱਛਾ ਮੌਤ ਨਾਲ ਸੰਬੰਧਿਤ ਕਾਨੂੰਨੀ ਯਾਤਰਾ ਹੌਲੀ-ਹੌਲੀ ਅੱਗੇ ਵਧੀ ਹੈ। ਇਸ ਮਾਮਲੇ 'ਤੇ ਸਭ ਤੋਂ ਪਹਿਲਾਂ ਅਰੁਣਾ ਸਾਨਬਾਗ ਮਾਮਲੇ ਨੇ ਦੇਸ਼ ਭਰ ਵਿੱਚ ਚਰਚਾ ਛੇੜੀ ਸੀ।ਸਾਲ 2018 ਵਿੱਚ ਸਰਬਉੱਚ ਅਦਾਲਤ ਨੇ ਸੰਵਿਧਾਨ ਦੀ ਧਾਰਾ 21 ਤਹਿਤ ਜੀਵਨ ਦੇ ਮੌਲਿਕ ਅਧਿਕਾਰ ਦੇ ਹਿੱਸੇ ਵਜੋਂ ਸਨਮਾਨ ਨਾਲ ਮੌਤ ਦੇ ਅਧਿਕਾਰ ਨੂੰ ਮਾਨਤਾ ਦਿੱਤੀ ਸੀ। ਫਿਰ ਵੀ ਇਨ੍ਹਾਂ ਨਿਯਮਾਂ ਦੇ ਅਮਲ ਬਾਰੇ ਅਜੇ ਵੀ ਅਸਮੰਜਤਾ ਬਣੀ ਰਹਿੰਦੀ ਹੈ, ਜਿਸ ਕਾਰਨ ਪੀੜਤ ਪਰਿਵਾਰਾਂ ਅਤੇ ਡਾਕਟਰਾਂ ਨੂੰ ਕਈ ਵਾਰ ਗੁੰਝਲਦਾਰ ਕਾਨੂੰਨੀ ਪ੍ਰਕਿਰਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਤਾਜਾ ਫੈਸਲਾ ਇਸ ਗੱਲ ਨੂੰ ਵੀ ਉਜਾਗਰ ਕਰਦਾ ਹੈ ਕਿ ਸਿਰਫ਼ ਅਦਾਲਤੀ ਦਿਸ਼ਾ ਨਿਰਦੇਸ਼ਾਂ 'ਤੇ ਨਿਰਭਰ ਰਹਿਣਾ ਕਾਫ਼ੀ ਨਹੀਂ। ਅਦਾਲਤ ਨੇ ਸਰਕਾਰ ਨੂੰ ਇੱਛਾ ਮੌਤ ਬਾਰੇ ਸਪੱਸ਼ਟ ਕਾਨੂੰਨ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ, ਤਾਂ ਜੋ ਲੋਕਾਂ ਨੂੰ ਆਪਣੀ ਜ਼ਿੰਦਗੀ ਅਤੇ ਮੌਤ ਨਾਲ ਜੁੜੇ ਫੈਸਲੇ ਲਈ ਲੰਬੀ ਕਾਨੂੰਨੀ/ਅਦਾਲਤੀ ਪ੍ਰਕਿਰਿਆ ਵਿੱਚੋਂ ਨਾ ਲੰਘਣਾ ਪਵੇ । ਇਸ ਤਰ੍ਹਾਂ ਦੇ ਕਾਨੂੰਨ ਵਿੱਚ ਨੈਤਿਕ ਸੰਵੇਦਨਸ਼ੀਲਤਾ ਅਤੇ ਵਿਹਾਰਕ ਪਹੁੰਚ ਦੋਵੇਂ ਹੋਣੀਆਂ ਚਾਹੀਦੀਆਂ ਹਨ। ਇਸ ਦਾ ਮਕਸਦ ਮਰੀਜ਼ਾਂ ਨੂੰ ਬੇਲੋੜੀ ਪੀੜਾ ਤੋਂ ਬਚਾਉਣਾ ਅਤੇ ਨਾਲ ਹੀ ਇਹ ਯਕੀਨੀ ਬਣਾਉਣਾ ਹੋਣਾ ਚਾਹੀਦਾ ਹੈ ਕਿ ਪੀੜਤ ਪਰਿਵਾਰ ਅਤੇ ਮਾਹਿਰ ਡਾਕਟਰ ਬਿਨਾਂ ਕਿਸੇ ਕਾਨੂੰਨੀ ਡਰ ਦੇ ਸਹੀ ਫੈਸਲਾ ਲੈ ਸਕਣ । ਸਪੱਸ਼ਟ ਪ੍ਰੋਟੋਕੋਲ, ਪਾਰਦਰਸ਼ੀ ਮੈਡੀਕਲ ਰਾਏ ਅਤੇ ਮਰੀਜ਼ ਦੀ ਵਿਅਕਤੀਗਤ ਆਜ਼ਾਦੀ ਦਾ ਸਤਿਕਾਰ ਇਸ ਪ੍ਰਕਿਰਿਆ ਦੇ ਅਹਿਮ ਅੰਗ ਹਨ। ਮੁੱਖ ਸਵਾਲ ਇਹ ਹੈ ਕਿ ਜੇ ਮਰੀਜ਼ ਦੇ ਠੀਕ ਹੋਣ ਦੀ ਕੋਈ ਸੰਭਾਵਨਾ ਨਾ ਹੋਵੇ ਤਾਂ ਉਸ ਦੀ ਪੀੜਾ ਨੂੰ ਲੰਮਾ ਖਿੱਚਣਾ ਠੀਕ ਨਹੀਂ। ਹੁਣ ਸਰਕਾਰ ਲਈ ਲਾਜ਼ਮੀ ਹੈ ਕਿ ਅਦਾਲਤ ਦੇ ਸੰਕੇਤਾਂ ਤੋਂ ਪ੍ਰੇਰਨਾ ਲੈ ਕੇ ਇੱਕ ਮਨੁੱਖੀ ਕਾਨੂੰਨੀ ਢਾਂਚਾ ਤਿਆਰ ਕੀਤਾ ਜਾਵੇ, ਜੋ ਹਰ ਭਾਰਤੀ ਨੂੰ ਸਨਮਾਨ ਨਾਲ ਜੀਉਣ ਅਤੇ ਮਰਨ ਦਾ ਅਧਿਕਾਰ ਦੇ ਸਕੇ।

**- ਅਸ਼ਵਨੀ ਜੇਤਲੀ**

ਜ਼ਿਕਰ ਪੰਜਾਬ

# ਪੈਰੋਕਾਰਾਂ ਦੀ ਭੁੱਖ ਅਤੇ ਰਿਸ਼ਤਿਆਂ ਦੀ ਨਿਲਾਮੀ

ਡਿਜੀਟਲ ਯੁੱਗ ਨੇ ਪ੍ਰਗਟਾਵੇ ਦੇ ਨਵੇਂ ਦਰਵਾਜ਼ੇ ਖੋਲ੍ਹ ਦਿੱਤੇ ਹਨ। ਇੰਟਰਨੈੱਟ ਅਤੇ ਸੋਸ਼ਲ ਮੀਡੀਆ ਨੇ ਹਰ ਕਿਸੇ ਨੂੰ ਦੁਨੀਆ ਤੱਕ ਪਹੁੰਚਣ ਦਾ ਮੌਕਾ ਦਿੱਤਾ ਹੈ। ਜਦੋਂ ਕਿ ਪਹਿਲਾਂ ਜਾਣਕਾਰੀ ਅਤੇ ਮਨੋਰੰਜਨ ਦੇ ਸੀਮਤ ਸਰੋਤ ਸਨ, ਅੱਜ ਕੋਈ ਵੀ ਆਪਣੇ ਮੋਬਾਈਲ ਫੋਨਾਂ ਦੀ ਵਰਤੋਂ ਕਰਕੇ ਵੀਡੀਓ ਬਣਾ ਸਕਦਾ ਹੈ, ਬਲੌਗ ਲਿਖ ਸਕਦਾ ਹੈ ਅਤੇ ਲੱਖਾਂ ਲੋਕਾਂ ਤੱਕ ਪਹੁੰਚ ਸਕਦਾ ਹੈ। ਇਹ ਤਬਦੀਲੀ ਲੋਕਤੰਤਰੀ ਅਤੇ ਪ੍ਰੇਰਨਾਦਾਇਕ ਦੋਵੇਂ ਹੈ। ਪਰ ਹਰ ਤਬਦੀਲੀ ਦੇ ਨਾਲ ਨਵੀਆਂ ਚੁਣੌਤੀਆਂ ਆਉਂਦੀਆਂ ਹਨ।

ਅੱਜ, ਸੋਸ਼ਲ ਮੀਡੀਆ ਦੀ ਦੁਨੀਆ ਵਿੱਚ, ਪ੍ਰਸਿੱਧੀ ਦੀ ਇੱਕ ਨਵੀਂ ਪਰਿਭਾਸ਼ਾ ਹੈ - ਫਾਲੋਅਰਜ਼, ਲਾਈਕਸ, ਸ਼ੇਅਰ ਅਤੇ ਵਿਊਜ਼। ਇਹ ਅੰਕੜੇ ਜਿੰਨੇ ਜ਼ਿਆਦਾ ਹੋਣਗੇ, ਇੱਕ ਵਿਅਕਤੀ ਨੂੰ ਓਨਾ ਹੀ ਸਫਲ ਮੰਨਿਆ ਜਾਵੇਗਾ। ਇਸ ਮੁਕਾਬਲੇ ਨੇ ਬਹੁਤ ਸਾਰੇ ਸਮੱਗਰੀ ਸਿਰਜਣਹਾਰਾਂ ਨੂੰ ਇੱਕ ਅਜਿਹੇ ਰਸਤੇ 'ਤੇ ਲੈ ਜਾਇਆ ਹੈ ਜਿੱਥੇ ਨਿੱਜੀ ਜ਼ਿੰਦਗੀ ਦੀਆਂ ਸੀਮਾਵਾਂ ਵੀ ਉਨ੍ਹਾਂ ਦੀ ਸਮੱਗਰੀ ਦਾ ਹਿੱਸਾ ਬਣ ਰਹੀਆਂ ਹਨ।

ਪਿਛਲੇ ਕੁਝ ਸਾਲਾਂ ਵਿੱਚ, ਇੱਕ ਨਵਾਂ ਰੁਝਾਨ ਤੇਜ਼ੀ ਨਾਲ ਉਭਰਿਆ ਹੈ - ਪਰਿਵਾਰਕ ਝਗੜਿਆਂ ਅਤੇ ਨਿੱਜੀ ਝਗੜਿਆਂ ਨੂੰ ਕੈਮਰੇ 'ਤੇ ਲਿਆਉਣਾ ਅਤੇ ਉਨ੍ਹਾਂ ਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕਰਨਾ। ਪਤੀ-ਪਤਨੀ ਦੇ ਝਗੜੇ, ਭੈਣ-ਭਰਾ ਦੇ ਝਗੜੇ, ਸੱਸ-ਨੂੰਹ-ਨੂੰਹ ਦੇ ਝਗੜੇ, ਜਾਂ ਇੱਥੋਂ ਤੱਕ ਕਿ ਛੋਟੀਆਂ-ਛੋਟੀਆਂ ਅੰਦਰੂਨੀ ਪਰਿਵਾਰਕ ਬਹਿਸਾਂ - ਉਹ ਚੀਜ਼ਾਂ ਜੋ ਪਹਿਲਾਂ ਘਰ ਦੀਆਂ ਸੀਮਾਵਾਂ ਦੇ ਅੰਦਰ ਹੱਲ ਕੀਤੀਆਂ ਜਾਂਦੀਆਂ ਸਨ - ਹੁਣ ਲੱਖਾਂ ਦਰਸ਼ਕਾਂ ਨੂੰ ਵੀਡੀਓ ਅਤੇ ਪੋਸਟਾਂ ਦੇ ਰੂਪ ਵਿੱਚ ਪ੍ਰਸਾਰਿਤ ਕੀਤੀਆਂ ਜਾ ਰਹੀਆਂ ਹਨ।

ਬਹੁਤ ਸਾਰੇ ਯੂਟਿਊਬਰ ਅਤੇ ਬਲੌਗਰ ਇਸਨੂੰ 'ਅਸਲ ਜ਼ਿੰਦਗੀ ਦੀ ਸਮੱਗਰੀ÷ ਕਹਿੰਦੇ ਹਨ। ਉਹ ਦਲੀਲ ਦਿੰਦੇ ਹਨ ਕਿ ਦਰਸ਼ਕ ਅਸਲੀਅਤ ਦੇਖਣਾ ਚਾਹੁੰਦੇ ਹਨ। ਪਰ ਸਵਾਲ ਇਹ ਹੈ: ਕੀ ਹਰ ਅਸਲ ਘਟਨਾ ਨੂੰ ਜਨਤਕ ਕਰਨਾ ਜ਼ਰੂਰੀ ਹੈ? ਕੀ ਦਰਸ਼ਕਾਂ ਦੀ ਉਤਸੁਕਤਾ ਲਈ ਨਿੱਜੀ ਸਬੰਧਾਂ ਨੂੰ ਉਜਾਗਰ ਕਰਨਾ ਉਚਿਤ ਹੈ?

ਦਰਅਸਲ, ਸੋਸ਼ਲ ਮੀਡੀਆ ਐਲਗੋਰਿਦਮ ਵੀ ਇਸ ਰੁਝਾਨ ਨੂੰ ਉਤਸ਼ਾਹਿਤ ਕਰਦੇ ਹਨ। ਵਿਵਾਦ, ਭਾਵਨਾਤਮਕ ਪ੍ਰਤੀਕਿਰਿਆਵਾਂ, ਜਾਂ ਸਨਸਨੀਖੇਜ਼ਤਾ ਪੈਦਾ ਕਰਨ ਵਾਲੀ ਸਮੱਗਰੀ ਤੇਜ਼ੀ ਨਾਲ ਵਾਇਰਲ ਹੁੰਦੀ ਹੈ। ਲੋਕ ਅਜਿਹੇ ਵੀਡੀਓਜ਼ 'ਤੇ ਵਧੇਰੇ ਟਿੱਪਣੀਆਂ ਕਰਦੇ ਹਨ, ਆਪਣੇ ਵਿਚਾਰ ਪੇਸ਼ ਕਰਦੇ ਹਨ, ਅਤੇ ਕਈ ਵਾਰ ਉਨ੍ਹਾਂ ਦੇ ਹੱਕ ਵਿੱਚ ਜਾਂ ਵਿਰੁੱਧ ਬਹਿਸ ਵੀ ਕਰਦੇ ਹਨ। ਇਹੀ ਕਾਰਨ ਹੈ ਕਿ ਕੁਝ ਸਿਰਜਣਹਾਰ ਜਾਣਬੁੱਝ ਕੇ ਅਜਿਹੇ ਵਿਸ਼ੇ ਚੁਣਦੇ ਹਨ ਜੋ ਭਾਵਨਾਵਾਂ ਨੂੰ ਭੜਕਾ ਸਕਦੇ ਹਨ। ਬਦਕਿਸਮਤੀ ਨਾਲ, ਕਈ ਵਾਰ ਇਹ ਝਗੜੇ ਸੱਚੇ ਹੁੰਦੇ ਹਨ, ਅਤੇ ਪਰਿਵਾਰਕ ਮੈਂਬਰਾਂ ਦੀ ਨਿੱਜਤਾ ਦਾਅ 'ਤੇ ਲੱਗ ਜਾਂਦੀ ਹੈ। ਕੈਮਰਿਆਂ ਦੇ ਸਾਹਮਣੇ ਆਉਣ ਨਾਲ ਇੱਕ ਛੋਟਾ ਜਿਹਾ ਝਗੜਾ ਬਹੁਤ ਜ਼ਿਆਦਾ ਭੜਕ ਸਕਦਾ ਹੈ। ਇਹ ਨਾ ਸਿਰਫ਼ ਰਿਸ਼ਤਿਆਂ ਦੀ ਸ਼ਾਨ ਨੂੰ ਠੇਸ ਪਹੁੰਚਾਉਂਦਾ ਹੈ ਬਲਕਿ ਪਰਿਵਾਰ ਦੇ ਦੂਜੇ ਮੈਂਬਰਾਂ - ਖਾਸ ਕਰਕੇ ਬੱਚਿਆਂ 'ਤੇ ਵੀ ਨਕਾਰਾਤਮਕ ਪ੍ਰਭਾਵ ਪਾ ਸਕਦਾ ਹੈ। ਕੁਝ ਮਾਮਲਿਆਂ ਵਿੱਚ, ਇਹ ਦੇਖਿਆ ਗਿਆ ਹੈ ਕਿ ਵਿਵਾਦਾਂ ਨੂੰ ਜਾਣਬੁੱਝ ਕੇ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ ਜਾਂ ਪੂਰੀ ਤਰ੍ਹਾਂ ਰਚਿਆ ਜਾਂਦਾ ਹੈ। ਇਸਦਾ ਮਤਲਬ ਹੈ ਕਿ ਟਕਰਾਅ ਅਸਲੀ ਨਹੀਂ ਹੈ, ਪਰ ਦਰਸ਼ਕਾਂ ਦਾ ਧਿਆਨ ਖਿੱਚਣ




ਲਈ ਅਸਲੀ ਦਿਖਾਈ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਮਨੋਰੰਜਨ ਅਤੇ ਹਕੀਕਤ ਵਿਚਕਾਰ ਰੇਖਾ ਨੂੰ ਧੁੰਦਲਾ ਕਰ ਦਿੰਦਾ ਹੈ।

ਸੋਸ਼ਲ ਮੀਡੀਆ ਦੇ ਇਸ ਯੁੱਗ ਵਿੱਚ, 'ਵਾਇਰਲ' ਹੋਣਾ ਸਫਲਤਾ ਦਾ ਸਮਾਨਾਰਥੀ ਬਣ ਗਿਆ ਹੈ। ਜਦੋਂ ਇੱਕ ਵੀਡੀਓ ਨੂੰ ਲੱਖਾਂ ਵਿਊਜ਼ ਅਤੇ ਹਜ਼ਾਰਾਂ ਨਵੇਂ ਫਾਲੋਅਰ ਮਿਲਦੇ ਹਨ, ਤਾਂ ਸਿਰਜਣਹਾਰ ਨੂੰ ਲੱਗਦਾ ਹੈ ਕਿ ਉਸਨੇ ਸਹੀ ਰਸਤਾ ਚੁਣਿਆ ਹੈ। ਪਰ ਇਹ ਪ੍ਰਸਿੱਧੀ ਅਕਸਰ ਥੋੜ੍ਹੇ ਸਮੇਂ ਲਈ ਹੁੰਦੀ ਹੈ। ਇੱਕ ਵਿਵਾਦ ਜੋ ਇੱਕ ਦਿਨ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚਦਾ ਸੀ, ਅਗਲੇ ਦਿਨ ਇੱਕ ਹੋਰ ਵਿਵਾਦ ਦੁਆਰਾ ਛਾਇਆ ਹੁੰਦਾ ਹੈ।

ਇਸ ਰੁਝਾਨ ਦਾ ਇੱਕ ਸਮਾਜਿਕ ਪਹਿਲੂ ਵੀ ਹੈ। ਜਦੋਂ ਦਰਸ਼ਕ ਅਜਿਹੀ ਸਮੱਗਰੀ ਨੂੰ ਵਾਰ-ਵਾਰ ਦੇਖਦੇ ਹਨ, ਤਾਂ ਉਹ ਹੌਲੀ-ਹੌਲੀ ਨਿੱਜੀ ਸਬੰਧਾਂ ਨੂੰ ਜਨਤਕ ਖੇਤਰ ਵਿੱਚ ਲਿਆਉਣਾ ਅਤੇ ਉਨ੍ਹਾਂ ਨੂੰ ਚਰਚਾ ਦਾ ਵਿਸ਼ਾ ਬਣਾਉਣਾ ਆਮ ਸਮਝਣ ਲੱਗ ਪੈਂਦੇ ਹਨ। ਇਹ ਸਮਾਜ ਵਿੱਚ ਨਿੱਜਤਾ ਅਤੇ ਸਜਾਵਟ ਦੀ ਭਾਵਨਾ ਨੂੰ ਕਮਜ਼ੋਰ ਕਰ ਸਕਦਾ ਹੈ।

ਸਾਡੇ ਸਮਾਜ ਵਿੱਚ, ਪਰਿਵਾਰ ਨੂੰ ਹਮੇਸ਼ਾ ਇੱਕ ਮਜ਼ਬੂਤ ਸੰਸਥਾ ਮੰਨਿਆ ਜਾਂਦਾ ਰਿਹਾ ਹੈ। ਪਰਿਵਾਰ ਸਿਰਫ਼ ਇੱਕ ਰਹਿਣ-ਸਹਿਣ ਦਾ ਪ੍ਰਬੰਧ ਨਹੀਂ ਹੈ, ਸਗੋਂ ਭਾਵਨਾਤਮਕ ਸੁਰੱਖਿਆ, ਵਿਸ਼ਵਾਸ ਅਤੇ ਆਪਸੀ ਸਮਝ ਦੀ ਨੀਂਹ ਵੀ ਹੈ। ਜਦੋਂ ਅੰਦਰੂਨੀ ਪਰਿਵਾਰਕ ਸਮੱਸਿਆਵਾਂ ਨੂੰ ਜਨਤਕ ਤਮਾਸ਼ਾ ਬਣਾਇਆ ਜਾਂਦਾ ਹੈ, ਤਾਂ ਇਹ ਉਸ ਭਰੋਸੇ ਨੂੰ ਕਮਜ਼ੋਰ ਕਰਦਾ ਹੈ ਜੋ ਰਿਸ਼ਤਿਆਂ ਦੀ ਨੀਂਹ ਹੈ।

ਇਸ ਤੋਂ ਇਲਾਵਾ, ਨੌਜਵਾਨ ਅਤੇ ਕਿਸ਼ੋਰ ਸੋਸ਼ਲ ਮੀਡੀਆ ਦਰਸ਼ਕਾਂ ਦਾ ਇੱਕ ਮਹੱਤਵਪੂਰਨ ਹਿੱਸਾ ਬਣਾਉਂਦੇ ਹਨ। ਉਹ ਜੋ ਦੇਖਦੇ ਹਨ ਉਸ ਤੋਂ ਪ੍ਰਭਾਵਿਤ ਹੁੰਦੇ ਹਨ। ਜੇ ਉਹ ਵਾਰ-ਵਾਰ ਦੇਖਦੇ ਹਨ ਕਿ ਪ੍ਰਸਿੱਧੀ ਪ੍ਰਾਪਤ ਕਰਨ ਲਈ ਨਿੱਜੀ ਟਕਰਾਅ ਦਾ ਪ੍ਰਚਾਰ ਕਰਨਾ ਆਮ ਗੱਲ ਹੈ, ਤਾਂ ਉਹ ਇਹ ਪ੍ਰਭਾਵ ਪੈਦਾ ਕਰ ਸਕਦੇ ਹਨ ਕਿ ਜ਼ਿੰਦਗੀ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਕਿਸੇ ਵੀ ਹੱਦ ਤੱਕ ਜਾਣਾ ਸਵੀਕਾਰਯੋਗ ਹੈ।

ਇਹ ਵੀ ਸੱਚ ਹੈ ਕਿ ਸਾਰੇ ਸਮੱਗਰੀ ਸਿਰਜਣਹਾਰ ਇਸ ਤਰ੍ਹਾਂ ਦੇ ਨਹੀਂ ਹੁੰਦੇ। ਬਹੁਤ ਸਾਰੇ YouTubers, ਬਲੌਗਰ ਅਤੇ ਡਿਜੀਟਲ ਸਿਰਜਣਹਾਰ ਹਨ ਜੋ ਜਾਣਕਾਰੀ ਭਰਪੂਰ, ਰਚਨਾਤਮਕ ਅਤੇ ਸਕਾਰਾਤਮਕ ਸਮੱਗਰੀ ਤਿਆਰ ਕਰਦੇ ਹਨ। ਸਿੱਖਿਆ, ਵਿਗਿਆਨ, ਕਲਾ, ਸੱਭਿਆਚਾਰ, ਯਾਤਰਾ ਅਤੇ ਸਮਾਜਿਕ ਮੁੱਦਿਆਂ ਵਿੱਚ ਕੰਮ ਕਰਨ ਵਾਲੇ ਬਹੁਤ ਸਾਰੇ ਲੋਕ ਸੋਸ਼ਲ ਮੀਡੀਆ ਨੂੰ ਇੱਕ ਸਕਾਰਾਤਮਕ ਪਲੇਟਫਾਰਮ ਵਜੋਂ ਵਰਤ ਰਹੇ ਹਨ। ਉਨ੍ਹਾਂ ਦੇ ਯਤਨ ਸਾਬਤ ਕਰਦੇ ਹਨ ਕਿ ਵਿਵਾਦ ਅਤੇ ਡਰਾਮਾ ਹੀ ਪ੍ਰਸਿੱਧੀ ਦਾ ਇੱਕੋ ਇੱਕ ਰਸਤਾ ਨਹੀਂ ਹਨ। ਅਸਲ ਸਵਾਲ ਜ਼ਿੰਮੇਵਾਰੀ ਦਾ ਹੈ। ਜਦੋਂ ਕਿਸੇ ਕੋਲ ਹਜ਼ਾਰਾਂ ਜਾਂ ਲੱਖਾਂ ਲੋਕਾਂ ਤੱਕ ਪਹੁੰਚਣ ਦੀ ਸ਼ਕਤੀ ਹੁੰਦੀ ਹੈ, ਤਾਂ ਇਹ ਇੱਕ ਸਮਾਜਿਕ ਜ਼ਿੰਮੇਵਾਰੀ ਵੀ ਲੈਂਦੀ ਹੈ। ਸਮੱਗਰੀ ਸਿਰਜਣਹਾਰਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਸਮੱਗਰੀ ਨਾ ਸਿਰਫ਼ ਮਨੋਰੰਜਨ ਕਰਦੀ ਹੈ ਬਲਕਿ ਲੋਕਾਂ ਦੀ ਸੋਚ ਅਤੇ ਦ੍ਰਿਸ਼ਟੀਕੋਣ ਨੂੰ ਵੀ ਪ੍ਰਭਾਵਿਤ ਕਰਦੀ ਹੈ।

ਦਰਸ਼ਕ ਵੀ ਇਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਆਖ਼ਰਕਾਰ, ਉਹ ਹੀ ਇਹ ਫੈਸਲਾ ਕਰਦੇ ਹਨ ਕਿ ਕਿਸ ਕਿਸਮ ਦੀ ਸਮੱਗਰੀ ਦੇਖੀ ਜਾਵੇ ਅਤੇ ਕਿਸ ਨੂੰ ਅਣਡਿੱਠ ਕੀਤਾ ਜਾਵੇ। ਜੇਕਰ ਦਰਸ਼ਕ ਸਿਰਫ਼ ਸਨਸਨੀਖੇਜ਼ ਅਤੇ ਵਿਵਾਦਪੂਰਨ ਵੀਡੀਓਜ਼ ਨੂੰ ਉਤਸ਼ਾਹਿਤ ਕਰਦੇ ਹਨ, ਤਾਂ ਇਹ ਸੁਭਾਵਿਕ ਹੈ ਕਿ ਅਜਿਹੀ ਸਮੱਗਰੀ ਵਧਦੀ ਰਹੇਗੀ। ਪਰ ਜੇਕਰ ਉਹ ਰਚਨਾਤਮਕ ਅਤੇ ਸਕਾਰਾਤਮਕ ਸਮੱਗਰੀ ਨੂੰ ਵਧੇਰੇ ਸਮਰਥਨ ਦਿੰਦੇ ਹਨ, ਤਾਂ ਡਿਜੀਟਲ ਲੈਂਡਸਕੇਪ ਬਦਲ ਸਕਦਾ ਹੈ। ਅੱਜ, ਸੋਸ਼ਲ ਮੀਡੀਆ ਦੀ ਵਰਤੋਂ ਵਿੱਚ ਸੰਤੁਲਨ ਅਤੇ ਸਮਝ ਦੀ ਲੋੜ ਹੈ। ਸਾਨੂੰ ਆਪਣੇ ਨਿੱਜੀ ਜੀਵਨ ਲਈ ਸੀਮਾਵਾਂ ਨਿਰਧਾਰਤ ਕਰਨੀਆਂ ਚਾਹੀਦੀਆਂ ਹਨ ਅਤੇ ਇਹ ਸਮਝਣਾ ਚਾਹੀਦਾ ਹੈ ਕਿ ਹਰ ਚੀਜ਼ ਨੂੰ ਜਨਤਕ ਕਰਨ ਦੀ ਜ਼ਰੂਰਤ ਨਹੀਂ ਹੈ। ਪ੍ਰਸਿੱਧੀ ਅਤੇ ਫਾਲੋਅਰ ਮਹੱਤਵਪੂਰਨ ਹਨ, ਪਰ ਰਿਸ਼ਤਿਆਂ ਦੀ ਸ਼ਾਨ ਅਤੇ ਨਿੱਜੀ ਸਤਿਕਾਰ ਕਿਤੇ ਜ਼ਿਆਦਾ ਮਹੱਤਵਪੂਰਨ ਹਨ। ਅੰਤ ਵਿੱਚ, ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਸੋਸ਼ਲ ਮੀਡੀਆ ਇੱਕ ਸਾਧਨ ਹੈ, ਇੱਕ ਟੀਚਾ ਨਹੀਂ। ਇਸਦੀ ਵਰਤੋਂ ਗਿਆਨ ਫੈਲਾਉਣ, ਸੰਚਾਰ ਕਰਨ ਅਤੇ ਸਕਾਰਾਤਮਕ ਤਬਦੀਲੀ ਨੂੰ ਉਤਸ਼ਾਹਿਤ ਕਰਨ ਲਈ ਕੀਤੀ ਜਾ ਸਕਦੀ ਹੈ। ਪਰ ਜਦੋਂ ਇਹ ਸਿਰਫ਼ ਪ੍ਰਸਿੱਧੀ ਦਾ ਪਿੱਛਾ ਬਣ ਜਾਂਦਾ ਹੈ, ਤਾਂ ਇਸਦੇ ਨਕਾਰਾਤਮਕ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਜਾਂਦੇ ਹਨ। ਜੇਕਰ ਫਾਲੋਅਰਜ਼ ਅਤੇ ਵਿਚਾਰਾਂ ਦੀ ਇਹ ਭੁੱਖ ਵਧਦੀ ਰਹੀ, ਤਾਂ ਇਹ ਸੰਭਵ ਹੈ ਕਿ ਇੱਕ ਦਿਨ ਲੋਕ ਪ੍ਰਸਿੱਧ ਹੋ ਜਾਣ ਪਰ ਆਪਣੇ ਰਿਸ਼ਤਿਆਂ ਅਤੇ ਕਦਰਾਂ-ਕੀਮਤਾਂ ਨਾਲ ਸੰਪਰਕ ਗੁਆ ਬੈਠਣ। ਇਸ ਲਈ, ਸਮੇਂ ਸਿਰ ਇਹ ਸਮਝਣਾ ਮਹੱਤਵਪੂਰਨ ਹੈ ਕਿ ਸੱਚੀ ਸਫਲਤਾ ਸਤਿਕਾਰ ਅਤੇ ਸੰਵੇਦਨਸ਼ੀਲਤਾ ਨਾਲ ਪ੍ਰਾਪਤ ਕੀਤੀ ਜਾਂਦੀ ਹੈ - ਨਾ ਕਿ ਰਿਸ਼ਤਿਆਂ ਨੂੰ ਨਿਲਾਮ ਕਰਕੇ।

**ਡਾ. ਸਤਿਆਵਾਨ ਸੌਰਭ**
**ਸੰਪਰਕ** : 94665-26148

ਜ਼ਿਕਰ ਪੰਜਾਬ

# ਰਿਸ਼ਤਿਆਂ ਨੂੰ ਨਿਭਾਉਣ ਲਈ ਆਪਸੀ ਮਤਭੇਦ ਭੁਲਾਈਏ

ਜ਼ਿੰਦਗੀ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਰਿਸ਼ਤਿਆਂ ਦੀ ਬਹੁਤ ਮਹੱਤਤਾ ਹੈ। ਕੋਈ ਵੀ ਰਿਸ਼ਤਾ ਹੋਵੇ, ਚਾਹੇ ਉਹ ਦਾਦੇ -ਪੋਤੇ , ਦਾਦੀ- ਪੋਤੀ, ਨਾਨਾ -ਦੋਹਤਾ, ਮਾਮਾ -ਭਾਣਜਾ, ਤਾਇਆ- ਤਾਈ , ਭੂਆ -ਭਤੀਜਾ ,ਆਦਿ ਹਰ ਰਿਸ਼ਤੇ ਦੀ ਆਪਣੀ ਅਹਿਮੀਅਤ ਹੁੰਦੀ ਹੈ। ਜਿਹੜੇ ਜਨਮ ਦੇ ਰਿਸ਼ਤੇ ਹੁੰਦੇ ਹਨ ਉਹ ਪਿਓ -ਪੁੱਤ ,ਮਾਂ - ਧੀ ਆਦਿ ਦੇ ਹੁੰਦੇ ਹਨ। ਖੂਨ ਦੇ ਰਿਸ਼ਤਿਆਂ ਵਿੱਚ ਭੈਣ -ਭਰਾ, ਭਾਈ ਭਾਈ ਆਉਂਦੇ ਹਨ। ਜਦੋਂ ਮੁੰਡਾ ਨੌਜਵਾਨੀ ਉਮਰ ਵਿੱਚ ਚਲਾ ਜਾਂਦਾ ਹੈ ਤਾਂ ਉਸਦਾ ਵਿਆਹ ਕਰ ਦਿੱਤਾ ਜਾਂਦਾ ਹੈ ਅੱਗੇ ਹੋਰ ਰਿਸ਼ਤੇ ਜੁੜਦੇ ਹਨ , ਜਿਵੇਂ ਸੱਸ- ਨੂੰਹ ,ਸਹੁਰਾ -ਜਵਾਈ ,ਸਾਲਾ- ਸਾਲੇਹਾਰ,ਆਦਿ । ਇਹਨਾਂ ਤੋਂ ਇਲਾਵਾ ਕੁੱਝ ਰਿਸ਼ਤੇ ਜਿਨ੍ਹਾਂ ਦਾ ਕਿਸੇ ਨਾਲ ਵੀ ਕੋਈ ਲੇਗਾ-ਦੇਗਾ ਨਹੀਂ ਹੁੰਦਾ, ਜਿਵੇਂ ਦੋਸਤ, ਮਿੱਤਰ, ਸਹੇਲੀਆਂ ਇਹ ਸਾਡੇ ਭਾਵਨਾਤਕ ਰਿਸ਼ਤਿਆਂ ਦਾ ਹਿੱਸਾ ਹਨ। ਅੱਜ ਵਿਗਿਆਨ ਨੇ ਬਹੁਤ ਤਰੱਕੀ ਕਰ ਲਈ ਹੈ , ਚੰਨ ਤੱਕ ਉਡਾਰੀ ਮਾਰ ਲਈ ਹੈ। ਸਾਂਝੇ ਪਰਿਵਾਰ ਖ਼ਤਮ ਹੁੰਦੇ ਜਾ ਰਹੇ ਹਨ। ਘਰ ਵੱਡੇ ਹੋ ਚੁੱਕੇ ਹਨ, ਪਰ ਉਹਨਾਂ ਵਿੱਚ ਰਹਿਣ ਲਈ ਚਾਰ ਤੋਂ ਪੰਜ ਜੀਅ ਹਨ। ਜਿਨਾਂ ਦਾ ਆਪਸ ਵਿੱਚ ਹੀ ਮਨ ਮੁਟਾਵ ਰਹਿੰਦਾ ਹੈ। ਪਹਿਲਾਂ ਛੋਟੇ ਘਰ ਹੁੰਦੇ ਸਨ ਤੇ ਪਰਿਵਾਰ ਵੱਡੇ ਹੁੰਦੇ ਸਨ। ਆਪਸੀ ਪ੍ਰੀਤ ਪਿਆਰ ਬਹੁਤ ਹੁੰਦਾ ਸੀ। ਇੱਕ ਦੂਜੇ ਦੀ ਗੱਲ ਨੂੰ ਬਰਦਾਸ਼ਤ ਕੀਤਾ ਜਾਂਦਾ ਸੀ। ਸਹਿਣ ਸ਼ਕਤੀ ਬਹੁਤ ਸੀ। ਵੱਡਿਆਂ ਦੀ ਹੀ ਹਰ ਗੱਲ ਵਿੱਚ ਚੱਲਦੀ ਸੀ। ਜੇ ਕੋਈ ਘਰ ਦਾ ਬੱਚਾ ਗਲਤੀ ਕਰ ਦਿੰਦਾ ਸੀ ਤਾਂ ਵੱਡਿਆਂ ਵੱਲੋਂ ਹੀ ਉਸਨੂੰ ਡਾਂਟ ਫਟਕਾਰ ਲਗਾਈ ਜਾਂਦੀ ਸੀ। ਮਜਾਲ ਹੈ ਜੇ ਘਰ ਦਾ ਕੋਈ ਹੋਰ ਜੀਅ ਬੋਲ ਜਾਵੇ। ਜ਼ਮਾਨਾ ਬਦਲਿਆ। ਅੱਜ ਤੁਸੀਂ ਆਪਣੇ ਬੱਚਿਆਂ ਨੂੰ ਕੁੱਝ ਨਹੀਂ ਕਹਿ ਸਕਦੇ। ਬੱਚੇ ਗ਼ਲਤ ਕਦਮ ਚੁੱਕ ਲੈਂਦੇ ਹਨ। ਰਿਸ਼ਤੇ ਟੁੱਟ ਚੁੱਕੇ ਹਨ। ਜੇ ਮਾਂ ਪਿਓ ਬੱਚਿਆਂ ਨੂੰ ਕੁੱਝ ਕਹਿ ਵੀ ਦੇਣ ਤਾਂ ਬੱਚੇ ਬਰਾਬਰੀ ਕਰਦੇ ਹਨ। ਇਥੋਂ ਤੱਕ ਕਿ ਬੱਚੇ ਮਾਂ- ਪਿਓ ਦੀ ਬੇਇਜ਼ਤੀ ਵੀ ਕਰ ਦਿੰਦੇ ਹਨ। ਮਾਂ ਬਾਪ ਆਪਣੀ ਬੇਇਜ਼ਤੀ ਦੇ ਡਰ ਤੋਂ ਬੱਚਿਆਂ ਨੂੰ ਟੋਕਣਾ ਹੀ ਛੱਡ ਦਿੰਦੇ ਹਨ। ਮਾਂ- ਪਿਓ ਬੱਚਿਆਂ ਦੇ ਸਾਹਮਣੇ ਡਰ ਡਰ ਕੇ ਰਹਿ ਰਹੇ ਹਨ।

ਜਿੱਥੇ ਵੀ ਤੁਹਾਡੀ ਗਲਤੀ ਹੈ, ਆਪਣੀ ਗਲਤੀ ਨੂੰ ਮੰਨ ਲੈਣਾ ਚਾਹੀਦਾ ਹੈ। ਉਸੇ ਵੇਲੇ ਮਾਫ਼ੀ ਮੰਗ ਲਵੋ ਕਿ ਮੇਰੇ ਤੋਂ ਇਹ ਗੁਨਾਹ ਹੋਇਆ ਹੈ। ਅਕਸਰ ਅਸੀਂ ਸਾਰੇ ਹੀ ਪਰਿਵਾਰਾਂ ਵਿੱਚ ਰਹਿੰਦੇ ਹਨ। ਕਈ ਵਾਰ ਕੋਈ ਮੈਂਬਰ ਇੰਨਾ ਅੜੀਅਲ ਜਾਂ ਉਸਦਾ ਵਤੀਰਾ ਇੰਨ੍ਹਾਂ ਜਿੱਦੀ ਹੁੰਦਾ ਹੈ ਕਿ ਉਹ ਆਪਣੀ ਹਰ



ਗੱਲ ਨੂੰ ਮਨਵਾ ਕੇ ਛੱਡਦਾ ਹੈ। ਇੰਨੀ ਜਿੱਦ ਕਰਦਾ ਹੈ ਕਿ ਘਰ ਦਾ ਮਾਹੌਲ ਤੱਕ ਵਿਗੜ ਜਾਂਦਾ ਹੈ। ਕਈ ਵਾਰ ਉਸ ਦੀ ਜ਼ਿੱਦ ਅੱਗੇ ਸਾਰਿਆਂ ਨੂੰ ਹੀ ਝੁੱਕਣਾ ਪੈਂਦਾ ਹੈ ।ਜੋ ਅੱਜ ਕੱਲ ਦੇ ਬੱਚੇ ਹਨ ਉਹ ਬਰਾਬਰ ਬਹਿਸ ਕਰਦੇ ਹਨ। ਇੰਨੀ ਬਹਿਸ ਕਰਦੇ ਹਨ ਕਿ ਕਈ ਵਾਰ ਉਹ ਲੜਾਈ ਦਾ ਰੂਪ ਧਾਰਨ ਕਰ ਲੈਂਦੀ ਹੈ। ਜੇ ਕੋਈ ਸਮੱਸਿਆ ਹੈ ਤਾਂ ਉਸਦਾ ਹੱਲ ਵੀ ਜਰੂਰ ਹੁੰਦਾ ਹੈ। ਸ਼ਾਂਤ ਰਹਿ ਕੇ ਹਰ ਸਮੱਸਿਆ ਤੋਂ ਨਿਕਲਿਆ ਜਾ ਸਕਦਾ ਹੈ। ਪੁਰਾਣੇ ਵੇਲਿਆਂ ਵਿੱਚ ਸਾਰੇ ਹੀ ਇਕੱਠੇ ਰਹਿੰਦੇ ਸਨ, ਜੇ ਕੋਈ ਪਰਿਵਾਰ ਵਿੱਚ ਮਸਲਾ ਖੜ੍ਹਾ ਹੋ ਜਾਂਦਾ ਸੀ ਤਾਂ ਉਸਨੂੰ ਸਾਰਿਆਂ ਦੀ ਰਾਏ ਨਾਲ ਸੋਚ ਵਿਚਾਰ ਕਰਕੇ ਸੁਲਝਾ ਲਿਆ ਜਾਂਦਾ ਸੀ। ਦੇਖੋ! ਸਿਆਣੇ ਕਹਿੰਦੇ ਹਨ ਕਿ ਜਿੱਥੇ ਦੋ ਭਾਂਡੇ ਹੁੰਦੇ ਹਨ ਉਹ ਖੜਕਦੇ ਜ਼ਰੂਰ ਹਨ। ਕਈ ਵਾਰ ਪਰਿਵਾਰਾਂ ਵਿੱਚ ਇੱਕ ਦੂਜੇ ਨਾਲ ਕਾਫ਼ੀ ਮਨ ਮੁਟਾਵ ਹੋ ਜਾਂਦਾ ਹੈ ।ਅਸੀਂ ਇੱਕ ਦੂਜੇ ਦੀ ਸ਼ਕਲ ਦੇਖਣੀ ਪਸੰਦ ਨਹੀਂ ਕਰਦੇ। ਦੇਖੋ! ਲੜਾਈ ਝਗੜੇ ਚਲਦੇ ਰਹਿੰਦੇ ਨੇ ਪਰ ਇਹ ਵੀ ਨਾ ਹੋਏ ਕਿ ਤੁਸੀਂ ਗੱਲ ਕਰਨੀ ਬੰਦ ਕਰ ਦਿਓ। ਸੋਚ ਵਿਚਾਰ ਕਰੋ ਕਿ ਗਲਤੀ ਕਿਸ ਦੀ ਸੀ ,ਜੇ ਤੁਹਾਡੀ ਗਲਤੀ ਹੈ ਤਾਂ ਵੱਡਿਆਂ ਤੋਂ ਮਾਫ਼ੀ ਮੰਗੋ। ਜੇ ਪਤੀ ਪਤਨੀ ਦੀ ਗੱਲ ਕਰੀਏ ਤਾਂ ਸਭ ਤੋਂ ਨੇੜੇ ਦਾ ਰਿਸ਼ਤਾ ਹੁੰਦਾ ਹੈ। ਕਈ ਵਾਰ ਪਤੀ ਪਤਨੀ ਵਿੱਚ ਮਾੜੀ ਮੋਟੀ ਨੋਕ ਚੋਕ ਹੋ ਜਾਂਦੀ ਹੈ। ਦੋਵਾਂ ਨੂੰ ਇੱਕ ਦੂਜੇ ਤੇ ਵਿਸ਼ਵਾਸ ਰੱਖਣਾ ਚਾਹੀਦਾ ਹੈ। ਕਿਉਂਕਿ ਦੋਵਾਂ ਨੇ ਹੀ ਇੱਕ ਦੂਜੇ ਦਾ ਆਖਰੀ ਸਮੇਂ ਤੱਕ ਧਿਆਨ ਰੱਖਣਾ ਹੁੰਦਾ ਹੈ। ਜੇ ਜ਼ਿਆਦਾ ਹੀ ਮਨ ਮੁਟਾਵ ਹੈ, ਤਾਂ ਕਿਤੇ ਬਾਹਰ ਪਾਰਕ ਵਿੱਚ ਚਲੇ ਜਾਓ, ਇੱਕ ਦੂਜੇ ਨਾਲ ਗੱਲਬਾਤ ਕਰੋ। ਚਾਹ ਪਾਣੀ ਪੀਓ। ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਤੁਸੀਂ ਕੁੱਝ ਵੀ ਕਰ ਸਕਦੇ ਹੋ। ਜਦੋਂ ਦੋਵਾਂ ਵਿੱਚ ਲੜਾਈ ਝਗੜਾ ਹੁੰਦਾ ਹੈ ਤਾਂ ਇੱਕ ਨੂੰ ਸ਼ਾਂਤ ਰਹਿਣਾ ਚਾਹੀਦਾ ਹੈ ।ਦੂਜੇ ਦੀ ਗੱਲ ਨੂੰ ਧਿਆਨ ਨਾਲ ਸੁਣੋ। ਫਿਰ ਉਸ ਦਾ ਜਵਾਬ ਦਿਓ, ਦੂਜੇ ਦੀ ਗੱਲ ਕੱਟ ਕੇ ਕਦੇ ਵੀ ਆਪਣੀ ਗੱਲ ਨਾ ਰੱਖੋ।

ਪਰਿਵਾਰ ਵਿੱਚ ਹਰ ਮੈਂਬਰ ਦਾ ਸਨਮਾਨ ਕਰਨਾ ਚਾਹੀਦਾ ਹੈ। ਜੇ ਮਾਂ ਪਿਓ ਹਨ ਤਾਂ ਉਹਨਾਂ ਨੂੰ ਬੱਚਿਆਂ ਨਾਲ ਬੜੇ ਪਿਆਰ ਨਾਲ ਗੱਲ ਕਰਨੀ ਚਾਹੀਦੀ ਹੈ। ਬਜ਼ੁਰਗਾਂ ਨੂੰ ਸਮੇਂ ਦੇਣਾ ਚਾਹੀਦਾ। ਉਹਨਾਂ ਦੀ ਗੱਲ ਵੀ ਸੁਣਨੀ ਚਾਹੀਦੀ ਹੈ। ਜਿਹੜੀ ਚੀਜ਼ ਦੀ ਉਹਨਾਂ ਨੂੰ ਜਰੂਰਤ ਹੈ ਉਹ ਜਰੂਰਤ ਪੂਰੀ ਕਰਨੀ ਚਾਹੀਦੀ ਹੈ। ਰਿਸ਼ਤਿਆਂ ਵਿੱਚ ਵਿਸ਼ਵਾਸ ਬਹੁਤ ਜਰੂਰੀ ਹੈ। ਕਦੇ ਵੀ ਝੂਠ ਨਾ ਬੋਲੋ। ਕੁੱਝ ਗੱਲਾਂ ਨੂੰ ਨਜ਼ਰ ਅੰਦਾਜ਼ ਕਰਨਾ ਚਾਹੀਦਾ ਹੈ। ਬਰਦਾਸ਼ ਸ਼ਕਤੀ ਰੱਖਣੀ ਚਾਹੀਦੀ। ਕਿਸੇ ਵੀ ਪਰਿਵਾਰਕ ਮੈਂਬਰ ਤੇ ਸ਼ੱਕ ਨਹੀਂ ਕਰਨਾ ਚਾਹੀਦਾ ਜੇ ਤੁਹਾਨੂੰ ਲੱਗਦਾ ਹੈ ਕਿ ਉਹ ਇਨਸਾਨ ਗਲਤ ਹੈ ਤਾਂ ਉਸ ਨਾਲ ਗੱਲਬਾਤ ਕਰੋ। ਸ਼ੱਕ ਨੂੰ ਮਿਟਾਇਆ ਜਾ ਸਕਦਾ ਹੈ। ਅੱਜ ਦੇ ਜ਼ਮਾਨੇ ਵਿੱਚ ਸਮੇਂ ਤਾਂ ਕਿਸੇ ਕੋਲ ਵੀ ਨਹੀਂ ਹੈ। ਮੋਬਾਇਲ ਨੂੰ ਇਹ ਜ਼ਿੰਦਗੀ ਦਾ ਆਧਾਰ ਬਣਾ ਲਿਆ ਹੈ। ਰੋਟੀ ਚਾਹੇ ਮਿਲੇ ਨਾ ਮਿਲੇ ,ਬੱਚਿਆਂ ਕੋਲ ਮੋਬਾਇਲ ਹਰ ਵਕਤ ਰਹਿੰਦਾ ਹੈ। ਸੁੱਖ ਦੁੱਖ ਮੋਬਾਇਲ ਤੇ ਹੀ ਸਾਂਝਾ ਕਰ ਲਿਆ ਜਾਂਦਾ ਹੈ। ਜੇ ਕਿਸੇ ਘਰ ਅਣਸੁਖਾਵੀਂ ਘਟਨਾ ਵਾਪਰ ਜਾਂਦੀ ਹੈ ਤਾਂ ਉੱਥੇ ਜਾਣ ਤੋਂ ਗੁਰੇਜ ਕੀਤਾ ਜਾਂਦਾ ਹੈ। ਫੋਨ ਤੇ ਹੀ ਗੱਲ ਸਾਂਝੀ ਕਰ ਲਈ ਜਾਂਦੀ ਹੈ। ਜਿਨਾਂ ਸਕੇ ਆਪਣੇ ਪਰਿਵਾਰ ਨੂੰ ਸਮਾਂ ਦਿਓ। ਛੁੱਟੀ ਵਾਲੇ ਦਿਨ ਕਿੱਥੇ ਬਾਹਰ ਜਾਓ। ਖਾਣਾ ਖਾ ਕੇ ਆਓ, ਇਸ ਨਾਲ ਤੁਹਾਡਾ ਆਪਸੀ ਪ੍ਰੀਤ ਪਿਆਰ ਬਹੁਤ ਵਧੇਗਾ। ਰਿਸ਼ਤਿਆਂ ਵਿੱਚ ਨਿੱਘ ਆਵੇਗਾ। ਕਦੀ ਵੀ ਤਲਖ਼ੀ ਨਹੀਂ ਹੋਵੇਗੀ। ਇਸ ਤਰ੍ਹਾਂ ਰਿਸ਼ਤਿਆਂ ਵਿੱਚ ਆਪਣਾਪਣ ਬਹੁਤ ਜ਼ਿਆਦਾ ਮਹਿਸੂਸ ਹੋਵੇਗਾ।



**ਸੰਜੀਵ ਸਿੰਘ ਸੈਣੀ**,
**ਸੰਪਰਕ** : 7888966168

ਜ਼ਿਕਰ ਪੰਜਾਬ

# ਯੁੱਧਾਂ ਵਿੱਚ ਮਾਰੇ ਜਾਣ ਵਾਲੇ ਬੱਚਿਆਂ ਦਾ ਕੀ ਕਸੂਰ ਹੁੰਦਾ ਹੈ?

ਦੁਨੀਆ ਦੇ ਇਤਿਹਾਸ ਵਿੱਚ ਯੁੱਧ ਹਮੇਸ਼ਾ ਤਾਕਤ, ਸਰਹੱਦਾਂ ਅਤੇ ਰਾਜਨੀਤਿਕ ਹਿਤਾਂ ਦੀ ਟਕਰਾਹਟ ਦਾ ਨਤੀਜਾ ਰਹੇ ਹਨ। ਪਰ ਜਦੋਂ ਵੀ ਕਿਸੇ ਖੇਤਰ ਵਿੱਚ ਯੁੱਧ ਛਿੜਦਾ ਹੈ, ਉਸ ਦੀ ਸਭ ਤੋਂ ਭਾਰੀ ਕੀਮਤ ਉਹ ਲੋਕ ਚੁਕਾਉਂਦੇ ਹਨ ਜਿਨ੍ਹਾਂ ਦਾ ਉਸ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਆਮ ਨਾਗਰਿਕਾਂ ਵਿੱਚ ਵੀ ਸਭ ਤੋਂ ਵੱਡੇ ਪੀੜਤ ਬੱਚੇ ਬਣਦੇ ਹਨ। ਬੱਚੇ ਨਾ ਰਾਜਨੀਤੀ ਸਮਝਦੇ ਹਨ, ਨਾ ਹੀ ਉਹਨਾਂ ਨੂੰ ਇਹ ਪਤਾ ਹੁੰਦਾ ਹੈ ਕਿ ਦੇਸ਼ਾਂ ਦੇ ਵਿਚਕਾਰ ਲੜਾਈ ਕਿਉਂ ਹੋ ਰਹੀ ਹੈ। ਉਹ ਤਾਂ ਸਿਰਫ਼ ਖੇਡਣ, ਪੜ੍ਹਨ ਅਤੇ ਸੁਪਨੇ ਦੇਖਣ ਦੇ ਹੱਕਦਾਰ ਹੁੰਦੇ ਹਨ। ਫਿਰ ਵੀ ਯੁੱਧ ਦੀ ਅੱਗ ਸਭ ਤੋਂ ਪਹਿਲਾਂ ਉਹਨਾਂ ਦੀ ਮਾਸੂਮ ਜ਼ਿੰਦਗੀ ਨੂੰ ਹੀ ਸਾੜ ਦਿੰਦੀ ਹੈ।

ਜਦੋਂ ਕਿਸੇ ਸ਼ਹਿਰ ਜਾਂ ਪਿੰਡ ਵਿੱਚ ਬੰਬਬਾਰੀ ਹੁੰਦੀ ਹੈ ਤਾਂ ਉਹ ਸਿਰਫ਼ ਫੌਜੀ ਢਾਂਚਿਆਂ ਨੂੰ ਹੀ ਨਹੀਂ ਤਬਾਹ ਕਰਦੀ, ਸਗੋਂ ਘਰਾਂ, ਸਕੂਲਾਂ, ਹਸਪਤਾਲਾਂ ਅਤੇ ਬਾਜ਼ਾਰਾਂ ਨੂੰ ਵੀ ਮਿਟਾ ਦਿੰਦੀ ਹੈ। ਇਹ ਸਾਰੇ ਥਾਂ ਉਹ ਹਨ ਜਿੱਥੇ ਬੱਚਿਆਂ ਦੀ ਜ਼ਿੰਦਗੀ ਵਸਦੀ ਹੈ। ਇਸ ਕਰਕੇ ਯੁੱਧ ਦੀ ਹਰ ਗੋਲੀ ਅਤੇ ਹਰ ਮਿਸਾਈਲ ਅਕਸਰ ਬੇਗੁਨਾਹ ਬੱਚਿਆਂ ਦੀ ਜ਼ਿੰਦਗੀ ਤੇ ਵੀ ਹਮਲਾ ਬਣ ਜਾਂਦੀ ਹੈ। ਮਨੁੱਖਤਾ ਲਈ ਇਹ ਇਕ ਐਸਾ ਸਵਾਲ ਬਣ ਜਾਂਦਾ ਹੈ ਜਿਸਦਾ ਜਵਾਬ ਲੱਭਣਾ ਮੁਸ਼ਕਲ ਹੈ ਕਿ ਆਖ਼?ਰ ਇਹ ਬੱਚੇ ਕਿਸ ਗੁਨਾਹ ਦੀ ਸਜ਼ਾ ਭੁਗਤ ਰਹੇ ਹਨ।

ਅੰਤਰਰਾਸ਼ਟਰੀ ਪੱਧਰ ਤੇ ਕੰਮ ਕਰਨ ਵਾਲੀ ਸੰਸਥਾ ਸੰਯੁਕਤ ਰਾਸ਼ਟਰ ਸੰਘ ਅਤੇ ਬੱਚਿਆਂ ਲਈ ਕੰਮ ਕਰਨ ਵਾਲੀ ਸੰਸਥਾ (UNICEF) ਯੂਨੀਸੈਫ ਦੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਅੱਜ ਦੁਨੀਆ ਵਿੱਚ ਲਗਭਗ 468 ਮਿਲੀਅਨ ਬੱਚੇ ਉਹਨਾਂ ਖੇਤਰਾਂ ਵਿੱਚ ਰਹਿੰਦੇ ਹਨ ਜਿੱਥੇ ਹਥਿਆਰਬੰਦ ਟਕਰਾਅ ਜਾਂ ਯੁੱਧ ਦੀ ਸਥਿਤੀ ਮੌਜੂਦ ਹੈ। ਇਹ ਗਿਣਤੀ ਮਨੁੱਖੀ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਇਸਦਾ ਮਤਲਬ ਹੈ ਕਿ ਦੁਨੀਆ ਦਾ ਹਰ ਪੰਜਵਾਂ ਬੱਚਾ ਹਿੰਸਾ ਅਤੇ ਡਰ ਦੇ ਮਾਹੌਲ ਵਿੱਚ ਆਪਣਾ ਬਚਪਨ ਗੁਜ਼ਾਰ ਰਿਹਾ ਹੈ।

ਇਤਿਹਾਸ ਵਿੱਚ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਯੁੱਧਾਂ ਨੇ ਬੱਚਿਆਂ ਨੂੰ ਕਿੰਨਾ ਵੱਡਾ ਨੁਕਸਾਨ ਪਹੁੰਚਾਇਆ ਹੈ। 1939 ਤੋਂ 1945 ਤੱਕ ਚੱਲੇ ਦੂਜੀ ਸੰਸਾਰ ਜੰਗ (World War II) ਵਿੱਚ ਲਗਭਗ 7 ਤੋਂ 8.5 ਕਰੋੜ ਲੋਕ ਮਾਰੇ ਗਏ। ਇਤਿਹਾਸਕਾਰਾਂ ਦੇ ਅਨੁਸਾਰ ਇਸ ਵਿੱਚੋਂ ਲਗਭਗ ਦੋ ਕਰੋੜ ਬੱਚੇ ਸਿੱਧੇ ਜਾਂ ਅਪਰੋਕਸ਼ ਤੌਰ ਤੇ ਯੁੱਧ ਦੇ ਪ੍ਰਭਾਵਾਂ ਨਾਲ ਮਰੇ। ਇਸ ਯੁੱਧ ਦੌਰਾਨ 1945 ਵਿੱਚ ਜਪਾਨ ਦੇ ਸ਼ਹਿਰਾਂ ਤੇ ਹੋਈਆਂ ਆਟੋਮਿਕ ਬੰਬ ਜੋਂ ਹੀਰੋਸ਼ੀਮਾ ਅਤੇ ਨਾਗਾਸਾਕੀ ਸੁੱਟੇ ਗਏ ਦੀਆਂ ਘਟਨਾਵਾਂ ਨੇ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਸੀ। ਹੀਰੋਸ਼ੀਮਾ ਵਿੱਚ ਜਦੋਂ ਐਟਮ ਬੰਬ ਡਿੱਗਿਆ ਤਾਂ ਕੁਝ ਸਕਿੰਟਾਂ ਵਿੱਚ ਹੀ ਹਜ਼ਾਰਾਂ ਸਕੂਲੀ ਬੱਚੇ ਸੜ ਕੇ ਮਰ ਗਏ ਅਤੇ ਕਈ ਹੋਰ ਬੱਚੇ ਅਗਲੇ ਸਾਲਾਂ ਵਿੱਚ ਰੇਡੀਏਸ਼ਨ ਕਾਰਨ ਮਰਦੇ ਰਹੇ।

ਵੀਹਵੀਂ ਸਦੀ ਦੇ ਦੂਜੇ ਅੱਧ ਵਿੱਚ ਹੋਇਆ ਵੀਅਤਨਾਮ ਜੰਗ ਵੀ ਬੱਚਿਆਂ ਲਈ ਇੱਕ ਵੱਡੀ ਤ੍ਰਾਸਦੀ ਬਣਿਆ। 1955 ਤੋਂ 1975 ਤੱਕ ਚੱਲੇ ਇਸ ਯੁੱਧ ਵਿੱਚ ਲਗਭਗ 20 ਲੱਖ ਨਾਗਰਿਕ ਮਾਰੇ ਗਏ। ਬੰਬਬਾਰੀ ਅਤੇ ਰਸਾਇਣਕ ਹਥਿਆਰਾਂ ਦੇ ਇਸਤੇਮਾਲ ਕਾਰਨ ਲੱਖਾਂ ਬੱਚੇ ਜ਼ਖ਼ਮੀ ਹੋਏ, ਅਪਾਹਜ ਹੋਏ ਜਾਂ ਬੇਘਰ ਹੋ ਗਏ। ਕਈ ਪਿੰਡ ਅਤੇ ਸ਼ਹਿਰ ਐਸੇ ਸਨ ਜਿੱਥੇ ਪੂਰੀਆਂ ਪੀੜ੍ਹੀਆਂ ਯੁੱਧ ਦੀ ਭੇਟ ਚੜ੍ਹ ਗਈਆਂ।

ਇੱਕਵੀ ਸਦੀ ਵਿੱਚ ਵੀ ਹਾਲਾਤ ਜ਼ਿਆਦਾ ਨਹੀਂ ਬਦਲੇ। 2011 ਵਿੱਚ ਸ਼ੁਰੂ ਹੋਇਆ ਸੀਰੀਆ ਸਿਵਲ ਵਾਰ ਅੱਜ ਵੀ ਮਨੁੱਖਤਾ ਲਈ ਇੱਕ ਵੱਡਾ ਜ਼ਖ਼ਮ ਬਣਿਆ ਹੋਇਆ ਹੈ। ਇਸ ਯੁੱਧ ਵਿੱਚ ਪੰਜ ਲੱਖ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਯੂਨੀਸੈਫ "©9356 ਦੇ ਅੰਕੜਿਆਂ ਮੁਤਾਬਕ 12 ਹਜ਼ਾਰ ਤੋਂ ਵੱਧ ਬੱਚੇ ਮਾਰੇ ਗਏ ਅਤੇ 25 ਹਜ਼ਾਰ ਤੋਂ ਵੱਧ ਜ਼ਖ਼ਮੀ ਹੋਏ। ਲੱਖਾਂ ਬੱਚੇ ਆਪਣੇ ਘਰ ਛੱਡ ਕੇ ਸ਼ਰਨਾਰਥੀ ਕੈਂਪਾਂ ਵਿੱਚ ਰਹਿਣ ਲਈ ਮਜਬੂਰ ਹੋ ਗਏ।

ਮੱਧ ਪੂਰਬ ਵਿੱਚ ਚੱਲ ਰਹੀ Yemeni Civil War ਵੀ ਬੱਚਿਆਂ ਲਈ ਇੱਕ ਭਿਆਨਕ ਸੰਕਟ ਬਣੀ ਹੋਈ ਹੈ। 2015 ਤੋਂ ਬਾਅਦ ਦੇ ਅੰਕੜਿਆਂ ਮੁਤਾਬਕ ਦਸ ਹਜ਼ਾਰ ਤੋਂ ਵੱਧ ਬੱਚੇ ਮਾਰੇ ਜਾਂ ਜ਼ਖ਼ਮੀ ਹੋਏ ਹਨ। ਇਸ ਤੋਂ ਇਲਾਵਾ ਲਗਭਗ ਵੀਹ ਲੱਖ ਬੱਚੇ ਭੁੱਖਮਰੀ ਅਤੇ ਕੁਪੋਸ਼ਣ ਦੇ ਖਤਰੇ ਹੇਠ ਹਨ। ਯੁੱਧ ਕਾਰਨ ਖਾਣ-ਪੀਣ ਦੀ ਕਮੀ ਅਤੇ ਸਿਹਤ ਸਹੂਲਤਾਂ ਦੇ ਟੁੱਟ ਜਾਣ ਨਾਲ ਬੱਚਿਆਂ ਦੀ ਜ਼ਿੰਦਗੀ ਹੋਰ ਵੀ ਮੁਸ਼ਕਲ ਬਣ ਗਈ ਹੈ।

ਯੂਰਪ ਵਿੱਚ 2022 ਵਿੱਚ ਸ਼ੁਰੂ ਹੋਈ ਰਹੀਆਂ ਦਾ ਯੂਕਰੇਨ ਤੇ ਹਮਲੇ ਨੇ ਵੀ ਬੱਚਿਆਂ ਦੀ ਜ਼ਿੰਦਗੀ ਉੱਤੇ ਗਹਿਰਾ ਅਸਰ ਪਾਇਆ ਹੈ। ਸੰਯੁਕਤ ਰਾਸ਼ਟਰ ਸੰਘ ਦੇ ਅਨੁਸਾਰ ਇਸ ਯੁੱਧ ਵਿੱਚ ਸੈਂਕੜੇ ਬੱਚੇ ਮਾਰੇ ਗਏ ਅਤੇ ਹਜ਼ਾਰ ਤੋਂ ਵੱਧ ਜ਼ਖ਼ਮੀ ਹੋਏ। ਲੱਖਾਂ ਬੱਚੇ ਆਪਣੇ ਘਰਾਂ ਤੋਂ ਬੇਘਰ ਹੋ ਕੇ ਦੂਜੇ ਦੇਸ਼ਾਂ ਵਿੱਚ ਸ਼ਰਨ ਲੈਣ ਲਈ ਮਜਬੂਰ ਹੋ ਗਏ।

ਯੁੱਧ ਦਾ ਅਸਰ ਸਿਰਫ਼ ਮੌਤਾਂ ਤੱਕ ਹੀ ਸੀਮਿਤ ਨਹੀਂ ਰਹਿੰਦਾ। ਇਹ ਬੱਚਿਆਂ ਦੇ ਭਵਿੱਖ ਨੂੰ ਵੀ ਤਬਾਹ ਕਰ ਦਿੰਦਾ ਹੈ। ਯੁੱਧ ਦੌਰਾਨ ਸਕੂਲ ਤਬਾਹ ਹੋ ਜਾਂਦੇ ਹਨ ਅਤੇ ਸਿੱਖਿਆ ਦੀ ਪ੍ਰਕਿਰਿਆ ਰੁਕ ਜਾਂਦੀ ਹੈ। ਯੂਨੈਸਕੋ ਦੇ ਅਨੁਸਾਰ ਦੁਨੀਆ ਵਿੱਚ ਲਗਭਗ ਸਾਢੇ ਸੱਤ ਕਰੋੜ ਬੱਚੇ ਯੁੱਧ ਪ੍ਰਭਾਵਿਤ ਖੇਤਰਾਂ ਵਿੱਚ ਸਿੱਖਿਆ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਤੋਂ ਇਲਾਵਾ ਬੰਬਬਾਰੀ ਅਤੇ ਹਿੰਸਾ ਦੇ ਦਰਸ਼ਨ ਕਰਨ ਵਾਲੇ ਬੱਚਿਆਂ ਵਿੱਚ ਡਰ, ਤਣਾਅ ਅਤੇ ਮਨੋਵਿਗਿਆਨਕ ਸਦਮੇ ਦੀ ਸਮੱਸਿਆ ਵੀ ਵੱਧ ਜਾਂਦੀ ਹੈ। ਕਈ ਖੇਤਰਾਂ ਵਿੱਚ ਹਥਿਆਰਬੰਦ ਗਰੁੱਪ ਬੱਚਿਆਂ ਨੂੰ ਜ਼ਬਰਦਸਤੀ ਆਪਣੇ ਨਾਲ ਸ਼ਾਮਲ ਕਰ ਲੈਂਦੇ ਹਨ। ਉਹਨਾਂ ਨੂੰ ਹਥਿਆਰ ਚੁੱਕਣ ਲਈ ਮਜਬੂਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਬਚਪਨ ਦੀ ਮਾਸੂਮਿਯਤ ਇੱਕ ਖ਼ੂਨੀ ਟਕਰਾਅ ਦਾ ਹਿੱਸਾ ਬਣ ਜਾਂਦੀ ਹੈ। ਮਨੁੱਖੀ ਅਧਿਕਾਰ ਸੰਸਥਾਵਾਂ ਦੇ ਅਨੁਸਾਰ ਦੁਨੀਆ ਵਿੱਚ ਅਜੇ ਵੀ ਹਜ਼ਾਰਾਂ ਬੱਚੇ ਐਸੇ ਹਨ ਜੋ ਜੰਗਾਂ ਵਿੱਚ ਬਾਲ ਸੈਨਿਕਾਂ ਵਜੋਂ ਵਰਤੇ ਜਾ ਰਹੇ ਹਨ। ਬੱਚਿਆਂ ਦੀ ਸੁਰੱਖਿਆ ਲਈ ਅੰਤਰਰਾਸ਼ਟਰੀ ਪੱਧਰ ਤੇ ਕਈ ਕਾਨੂੰਨ ਵੀ ਬਣਾਏ ਗਏ ਹਨ। 1989 ਵਿੱਚ ਬਣੀ ਕਨਵੈਨਸ਼ਨ ਆਨ ਦਾ ਰਾਈਟ ਆਫ਼ ਦਾ ਚਾਈਲਡ Convention on the Rights of the Child ਬੱਚਿਆਂ ਦੇ ਅਧਿਕਾਰਾਂ ਦੀ ਸਭ ਤੋਂ ਮਹੱਤਵਪੂਰਨ ਸੰਧੀ ਹੈ। ਇਸ ਵਿੱਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਹਰ ਬੱਚੇ ਨੂੰ ਜੀਵਨ, ਸਿੱਖਿਆ ਅਤੇ ਸੁਰੱਖਿਆ ਦਾ ਅਧਿਕਾਰ ਹੈ। ਇਸ ਤੋਂ ਇਲਾਵਾ ਜਨੇਵਾ ਕਨਵੈਨਸ਼ਨ (Geneva Conventions) ਦੇ ਅਧੀਨ ਯੁੱਧ ਦੇ ਸਮੇਂ ਨਾਗਰਿਕਾਂ ਅਤੇ ਬੱਚਿਆਂ ਨੂੰ ਨਿਸ਼ਾਨਾ ਬਣਾਉਣਾ ਜੰਗੀ ਅਪਰਾਧ ਮੰਨਿਆ ਜਾਂਦਾ ਹੈ। ਪਰ ਅਫਸੋਸ ਦੀ ਗੱਲ ਇਹ ਹੈ ਕਿ ਅਸਲ ਯੁੱਧਾਂ ਵਿੱਚ ਇਹ ਕਾਨੂੰਨ ਅਕਸਰ ਕਾਗਜ਼ਾਂ ਤੱਕ ਹੀ ਸੀਮਿਤ ਰਹਿ ਜਾਂਦੇ ਹਨ।

ਅਸਲ ਵਿਚ ਜਦੋਂ ਵੀ ਕਿਸੇ ਯੁੱਧ ਵਿੱਚ ਕੋਈ ਬੱਚਾ ਮਰਦਾ ਹੈ ਤਾਂ ਉਹ ਸਿਰਫ਼ ਇੱਕ ਜਾਨ ਦੀ ਮੌਤ ਨਹੀਂ ਹੁੰਦੀ। ਉਹ ਇੱਕ ਪਰਿਵਾਰ ਦੀ ਉਮੀਦ ਦਾ ਅੰਤ ਹੁੰਦਾ ਹੈ, ਇੱਕ ਸਮਾਜ ਦਾ ਭਵਿੱਖ ਖਤਮ ਹੋ ਜਾਂਦਾ ਹੈ ਅਤੇ ਮਨੁੱਖਤਾ ਦੀ ਹਾਰ ਹੁੰਦੀ ਹੈ। ਯੁੱਧ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੇ ਹਨ ਕਿ ਕੀ ਤਾਕਤ ਅਤੇ ਰਾਜਨੀਤਿਕ ਲਾਭ ਮਨੁੱਖੀ ਜ਼ਿੰਦਗੀ ਤੋਂ ਵੱਡੇ ਹਨ। ਇਸ ਲਈ ਦੁਨੀਆ ਦੇ ਦੇਸ਼ਾਂ ਅਤੇ ਨੇਤਾਵਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਅਸਲ ਤਰੱਕੀ ਯੁੱਧਾਂ ਵਿੱਚ ਨਹੀਂ, ਸਗੋਂ ਅਮਨ ਅਤੇ ਮਨੁੱਖੀ ਮੁੱਲਾਂ ਦੀ ਰੱਖਿਆ ਵਿੱਚ ਹੈ। ਜਦੋਂ ਤੱਕ ਸੰਸਾਰ ਯੁੱਧਾਂ ਦੀ ਬਜਾਏ ਸੰਵਾਦ ਅਤੇ ਸ਼ਾਂਤੀ ਦਾ ਰਸਤਾ ਨਹੀਂ ਚੁਣੇਗਾ, ਤਦ ਤੱਕ ਬੇਗੁਨਾਹ ਬੱਚਿਆਂ ਦੀਆਂ ਮੌਤਾਂ ਮਨੁੱਖਤਾ ਦੇ ਜ਼ਮੀਰ ਨੂੰ ਝੰਝੋੜਦੀਆਂ ਰਹਿਣਗੀਆਂ।

ਅਖੀਰਕਾਰ ਸਵਾਲ ਫਿਰ ਉਹੀ ਰਹਿ ਜਾਂਦਾ ਹੈ — ਯੁੱਧਾਂ ਵਿੱਚ ਮਾਰੇ ਜਾਣ ਵਾਲੇ ਬੱਚਿਆਂ ਦਾ ਆਖ਼ਰ ਕੀ ਕਸੂਰ ਹੁੰਦਾ ਹੈ? ਅਸਲ ਵਿੱਚ ਉਹਨਾਂ ਦਾ ਕੋਈ ਕਸੂਰ ਨਹੀਂ ਹੁੰਦਾ। ਉਹ ਸਿਰਫ਼ ਉਹਨਾਂ ਫੈਸਲਿਆਂ ਦੀ ਸਜ਼ਾ ਭੁਗਤਦੇ ਹਨ ਜੋ ਵੱਡੇ ਲੋਕਾਂ ਦੀ ਰਾਜਨੀਤੀ ਅਤੇ ਤਾਕਤ ਦੀ ਦੌੜ ਵਿੱਚ ਲਏ ਜਾਂਦੇ ਹਨ। ਮਨੁੱਖਤਾ ਲਈ ਇਹੀ ਸਭ ਤੋਂ ਵੱਡੀ ਤ੍ਰਾਸਦੀ ਹੈ।



**ਜਗਤਾਰ ਸਿੰਘ ਮਾਨਸਾ**
**94636-03091**

# ਵਿਦਿਆਰਥੀ ਜੀਵਨ 'ਚ ਖੇਡਾਂ ਦੀ ਮਹੱਤਤਾ ਨੂੰ ਸਮਝਣ ਦੀ ਲੋੜ

ਜ਼ਿਕਰ ਪੰਜਾਬ

ਵਿਦਿਆਰਥੀ ਜੀਵਨ ਸਿੱਖਣ ਦਾ ਸਹੀ ਸਮਾਂ ਹੈ। ਬੇਸ਼ੱਕ ਉਹ ਪੜ੍ਹਾਈ ਨੂੰ ਲੈ ਕੇ ਹੋਵੇ ਜਾਂ ਖੇਡਾਂ ਨੂੰ ਤੇ ਜਾਂ ਫਿਰ ਹੋਰ ਕੋਈ ਵੀ ਅਜਿਹੀ ਗੱਲ ਜੋ ਵਿਦਿਆਰਥੀ ਦੀ ਸ਼ਖ਼ਸੀਅਤ ਨੂੰ ਨਿਖਾਰਦੀ ਹੋਵੇ। ਜੇ ਵਿਦਿਆਰਥੀ ਜੀਵਨ ਚ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਹਿੱਸਾ ਲਿਆ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੁੰਦੀ ਹੈ। ਪਰ ਇਹ ਵਿਦਿਆਰਥੀ ਦੇ ਮਾਪਿਆਂ,ਵਿਦਿਆਰਥੀ ਦੇ ਖ਼ੁਦ ਉੱਤੇ ਅਤੇ ਉਸ ਨੂੰ ਸਿੱਖਿਆ ਦੇ ਰਹੇ ਅਧਿਆਪਕਾਂ ਉੱਤੇ ਨਿਰਭਰ ਕਰਦਾ ਹੈ। ਇਸ ਵਿੱਚ ਸਭ ਤੋਂ ਵੱਧ ਜ਼ਿੰਮੇਵਾਰੀ ਅਧਿਆਪਕ ਦੀ ਬਣਦੀ ਹੈ ਕਿ ਉਹ ਆਪਣੇ ਵਿਦਿਆਰਥੀ ਦੀ ਖੇਡਾਂ ਵੱਲ ਰੁਚੀ ਕਿਵੇਂ ਪੈਦਾ ਕਰਦਾ ਹੈ ?ਕਿਉਂਕਿ ਵਿਦਿਆਰਥੀ ਜੀਵਨ ਬੇਪਰਵਾਹ ਹੁੰਦਾ ਹੈ। ਜਿਸ ਨੂੰ ਨਫ਼ਾ ਨੁਕਸਾਨ ਤੇ ਭਵਿੱਖੀ ਰਣਨੀਤੀ ਬਾਰੇ ਬਹੁਤ ਗਿਆਨ ਨਹੀਂ ਹੁੰਦਾ। ਅੱਲ੍ਹੜ ਉਮਰ ਹੋਣ ਕਰਕੇ ਪੜ੍ਹਨਾ ਤੇ ਮੌਜ ਮਸਤੀ ਕਰਨਾ ਹੀ ਉਸਦੀ ਜ਼ਿੰਦਗੀ ਦਾ ਹਿੱਸਾ ਹੁੰਦਾ ਹੈ। ਇਸ ਲਈ ਸਕੂਲ ਸਮੇਂ ਅਧਿਆਪਕਾਂ ਦੀ ਅਤੇ ਖਾਸ ਕਰ ਸਰੀਰਕ ਸਿੱਖਿਆ ਅਧਿਆਪਕ ਦੀ ਇਹ ਮੁੱਢਲੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵਿਦਿਆਰਥੀ ਨੂੰ ਪੜ੍ਹਾਈ ਦੀ ਮਹੱਤਤਾ ਦੱਸਣ ਦੇ ਨਾਲ ਨਾਲ ਖੇਡਾਂ ਦੀ ਮਹੱਤਤਾ ਤੋਂ ਵੀ ਜਾਣੂ ਕਰਵਾਏ ਤਾਂ ਜੋ ਵਿਦਿਆਰਥੀ ਦੀ ਖੇਡਾਂ ਚ ਰੁਚੀ ਬਣੇ ।ਕਹਿੰਦੇ ਜ਼ਿੰਦਗੀ ਚ ਤੰਦਰੁਸਤ ਸਰੀਰ ਦਾ ਹੋਣਾ ਲਾਜ਼ਮੀ ਹੈ। ਸਰੀਰ ਤੰਦਰੁਸਤ ਹੈ ਤਾ ਪੜ੍ਹਾਈ ਕਰਨ ਨੂੰ ਵੀ ਵਧੇਰੇ ਮਨ ਕਰੇਗਾ। ਸੋ ਪਹਿਲੀ ਗੱਲ ਜੇ ਉਹ ਖੇਡਾਂ ਚ ਭਾਗ ਲਵੇਗਾ ਤਾ ਉਸਦੀ ਪੜ੍ਹਾਈ ਚ ਰੁਚੀ ਹੋਰ ਵਧੇਗੀ।ਇਸ ਲਈ ਜਰੂਰੀ ਹੈ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਵਿਦਿਆਰਥੀਆਂ ਦੀ ਹਿੱਸੇਦਾਰੀ ਨੂੰ ਲਾਜ਼ਮੀ ਬਣਾਇਆ ਜਾਵੇ।ਦੂਜਾ,ਖੇਡਾਂ ਚ ਹਿੱਸਾ ਲੈਣ ਨਾਲ ਵਿਦਿਆਰਥੀ ਮਾੜੀਆਂ ਅਲਾਹਮਰਾਂ ਤੋ ਬਚਿਆ ਰਹਿੰਦਾ ਹੈ ਤੇ ਸਰੀਰ ਸਡੋਲ ਰਹਿੰਦਾ ਹੈ।ਤੀਜਾ,ਖੇਡਾਂ ਖੇਡਣ ਨਾਲ ਨਿੱਕੀ ਉਮਰੇ ਹੀ ਬਿਮਾਰੀਆਂ ਤੋਂ ਬਚਾਅ ਰਹਿੰਦਾ ਹੈ। ਚੌਥਾ,ਜੋ ਵਿਦਿਆਰਥੀ ਸਕੂਲੀ ਜੀਵਨ ਤੋ ਖੇਡਾਂ ਚ ਹਿੱਸਾ ਲੈਣਾ ਸ਼ੁਰੂ ਕਰ ਦਿੰਦਾ ਹੈ ਉਹ ਆਪਣੀ ਜ਼ਿੰਦਗੀ ਦੀ ਮੰਜ਼ਲ ਨੂੰ ਹਾਸਲ ਵੱਲ ਤੇਜ਼ੀ ਨਾਲ ਪੁਲਾਂਘਾ ਪੁੱਟਦਾ ਹੈ। ਪੰਜਵਾਂ,ਵਿਦਿਆਰਥੀ ਜੀਵਨ ਚ ਖੇਡਾਂ ਚ ਭਾਗ ਲੈਣ ਨਾਲ ਜਿੱਥੇ ਵਿਦਿਆਰਥੀ ਤੰਦਰੁਸਤ ਰਹਿੰਦਾ ਹੈ ਉੱਥੇ ਵਿਦਿਆਰਥੀ ਸਾਂਝ ਵੀ ਵਧਦੀ ਹੈ। ਛੇਵਾਂ,ਸਰਕਾਰੀ ਨੌਕਰੀਆਂ ਚ ਸਪੋਰਟਸ ਕੋਟਾ ਰਾਖਵਾਂ ਹੋਣ ਕਰਕੇ ਪੜ੍ਹਾਈ ਦੇ ਨਾਲ ਖੇਡਾਂ ਚ ਹਿੱਸਾ ਲੈਣ ਨਾਲ ਭਵਿੱਖ ਚ ਸਰਵਿਸ ਦੌਰਾਨ ਵੀ ਲਾਭ ਮਿਲਦਾ ਹੈ। ਜਿਸ ਦੀ ਬਦੌਲਤ ਉਸ ਨੂੰ ਰੁਜ਼ਗਾਰ ਮਿਲਦਾ ਹੈ ਤੇ ਨੌਕਰੀ ਮਿਲਣ ਨਾਲ ਉਸਦਾ ਸਮਾਜਕ ਰੁਤਬਾ ਵੀ ਵਧਦਾ ਹੈ। ਸੋ ਵਿਦਿਆਰਥੀ ਜੀਵਨ ਚ ਖੇਡਾਂ ਉਨੀਆਂ ਹੀ ਜਰੂਰੀ ਹਨ ਜਿੰਨਾ ਜੀਵਨ ਜਿਊਣ ਲਈ ਸਾਹ ਜਰੂਰੀ ਹੁੰਦੇ ਹਨ।ਇਸ ਵਾਸਤੇ ਵਿਦਿਆਰਥੀਆਂ ਨੂੰ ਖੇਡਾਂ ਵਿਚ ਜਰੂਰ ਹਿੱਸਾ ਲੈਣਾ ਚਾਹੀਦਾ ਹੈ।

**ਲੈਕਚਰਾਰ ਸਤਿੰਦਰਵੀਰ ਕੌਰ**
**ਮੋਬਾਈਲ** : 98775-57151

# ਇੱਕ ਨਵੇਂ ਇਤਿਹਾਸ ਦੀ ਰਚਨਾ-ਟੀ20 ਵਿਸ਼ਵ ਕੱਪ 2026

ਜ਼ਿਕਰ ਪੰਜਾਬ

ਮਿਤੀ 8 ਮਾਰਚ 2026 ਦੀ ਰਾਤ, ਕ੍ਰਿਕਟ ਦੀ ਦੁਨੀਆ ਵਿੱਚ ਇੱਕ ਨਵਾਂ ਇਤਿਹਾਸ ਰਚਿਆ ਗਿਆ ਹੈ। ਟੀ20 ਵਿਸ਼ਵ ਕੱਪ 2026 ਦੇ ਫਾਈਨਲ ਵਿੱਚ ਭਾਰਤ ਨੇ ਨਿਊਜ਼ੀਲੈਂਡ ਨੂੰ ਬੁਰੀ ਤਰ੍ਹਾਂ ਹਰਾ ਕੇ ਆਪਣਾ ਤੀਜਾ ਖਿਤਾਬ ਜਿੱਤ ਲਿਆ ਹੈ। ਨਰਿੰਦਰ ਮੋਦੀ ਸਟੇਡੀਅਮ, ਅਹਿਮਦਾਬਾਦ ਵਿੱਚ ਖੇਡੇ ਗਏ ਇਸ ਮੈਚ ਵਿੱਚ ਭਾਰਤ ਨੇ ਨਿਊਜ਼ੀਲੈਂਡ ਨੂੰ 96 ਰਨਾਂ ਨਾਲ ਹਰਾਇਆ, ਜੋ ਕਿ ਟੀ20 ਵਿਸ਼ਵ ਕੱਪ ਦੇ ਇਤਿਹਾਸ ਵਿੱਚ ਭਾਰਤ ਦੀ ਸਭ ਤੋਂ ਵੱਡੀ ਜਿੱਤਾਂ ਵਿੱਚੋਂ ਇੱਕ ਹੈ। ਇਸ ਜਿੱਤ ਨਾਲ ਭਾਰਤ ਇਕਲੌਤੀ ਟੀਮ ਬਣ ਗਈ ਹੈ ਜਿਸ ਨੇ ਟੀ20 ਵਿਸ਼ਵ ਕੱਪ ਤਿੰਨ ਵਾਰ ਜਿੱਤਿਆ ਹੈ, 2007 ਵਿੱਚ ਐੱਮ.ਐੱਸ. ਧੋਨੀ ਦੀ ਅਗਵਾਈ ਵਿੱਚ, 2024 ਵਿੱਚ ਰੋਹਿਤ ਸ਼ਰਮਾ ਦੀ ਅਗਵਾਈ ਵਿੱਚ ਅਤੇ ਹੁਣ 2026 ਵਿੱਚ ਸੂਰਿਆ ਕੁਮਾਰ ਯਾਦਵ ਦੀ ਕਪਤਾਨੀ ਹੇਠ ਟੀ20 ਵਿਸ਼ਵ ਕੱਪ ਜਿੱਤਿਆ ਹੈ । ਇਹ ਪਹਿਲੀ ਵਾਰ ਹੈ ਜਦੋਂ ਕਿਸੇ ਟੀਮ ਨੇ ਟਾਈਟਲ ਡਿਫੈਂਡ ਕੀਤਾ ਹੈ ਅਤੇ ਘਰੇਲੂ ਮੈਦਾਨ 'ਤੇ ਜਿੱਤਿਆ ਹੈ।

ਟੂਰਨਾਮੈਂਟ ਦੀ ਸ਼ੁਰੂਆਤ ਫਰਵਰੀ 2026 ਵਿੱਚ ਹੋਈ ਸੀ ਅਤੇ ਭਾਰਤ ਨੇ ਪੂਰੇ ਸਫ਼ਰ ਵਿੱਚ ਅਸਾਧਾਰਣ ਪ੍ਰਦਰਸ਼ਨ ਕੀਤਾ। ਓਪਨਿੰਗ ਮੈਚ ਵਿੱਚ ਅਮਰੀਕਾ ਵਿਰੁੱਧ ਸੂਰਿਆ ਕੁਮਾਰ ਯਾਦਵ ਨੇ 84 ਰਨਾਂ ਦੀ ਸ਼ਾਨਦਾਰ ਪਾਰੀ ਖੇਡ ਕੇ ਟੀਮ ਨੂੰ ਮਜ਼ਬੂਤ ਅਧਾਰ ਦਿੱਤਾ। ਗਰੁੱਪ ਸਟੇਜ ਅਤੇ ਸੁਪਰ 8 ਵਿੱਚ ਭਾਰਤ ਨੇ ਆਪਣੀ ਬੱਲੇਬਾਜ਼ੀ ਅਤੇ ਗੇਂਦਬਾਜ਼ੀ ਦੋਵਾਂ ਵਿੱਚ ਦਬਦਬਾ ਬਣਾਇਆ। ਵੈਸਟ ਇੰਡੀਜ਼, ਇੰਗਲੈਂਡ ਅਤੇ ਹੋਰ ਮਜ਼ਬੂਤ ਟੀਮਾਂ ਵਿਰੁੱਧ ਜਿੱਤਾਂ ਨੇ ਭਾਰਤ ਨੂੰ ਸੈਮੀਫਾਈਨਲ ਤੱਕ ਪਹੁੰਚਾਇਆ। ਸੈਮੀਫਾਈਨਲ ਵਿੱਚ ਇੰਗਲੈਂਡ ਵਿਰੁੱਧ ਵੀ ਭਾਰਤ ਨੇ ਆਪਣੀ ਫਾਰਮ ਨੂੰ ਬਰਕਰਾਰ ਰੱਖਿਆ ਅਤੇ ਫਾਈਨਲ ਵਿੱਚ ਜਗ?ਹਾ ਬਣਾਈ। ਪੂਰੇ ਟੂਰਨਾਮੈਂਟ ਵਿੱਚ ਭਾਰਤ ਦੀ ਬੱਲੇਬਾਜ਼ੀ ਨੇ ਰਿਕਾਰਡ ਤੋੜੇ, ਕਈ ਵਾਰ 250 ਤੋਂ ਵੱਧ ਸਕੋਰ ਬਣਾਏ ਅਤੇ



ਗੇਂਦਬਾਜ਼ੀ ਵਿੱਚ ਜਸਪ੍ਰੀਤ ਬੁਮਰਾਹ, ਅਕਸ਼ਰ ਪਟੇਲ ਅਤੇ ਹੋਰਾਂ ਨੇ ਅਹਿਮ ਭੂਮਿਕਾ ਨਿਭਾਈ। ਇਹ ਸਫ਼ਰ ਭਾਰਤੀ ਟੀਮ ਦੀ ਡੂੰਘਾਈ, ਯੋਜਨਾਬੱਧੀ ਅਤੇ ਜੇਤੂ ਮਾਨਸਿਕਤਾ ਨੂੰ ਦਰਸਾਉਂਦਾ ਹੈ।

ਫਾਈਨਲ ਮੈਚ ਵਿੱਚ ਨਿਊਜ਼ੀਲੈਂਡ ਨੇ ਟਾਸ ਜਿੱਤ ਕੇ ਭਾਰਤ ਨੂੰ ਪਹਿਲਾਂ ਬੱਲੇਬਾਜ਼ੀ ਲਈ ਸੱਦਾ ਦਿੱਤਾ। ਭਾਰਤ ਨੇ ਇਸ ਮੌਕੇ ਨੂੰ ਸ਼ਾਨਦਾਰ ਤਰੀਕੇ ਨਾਲ ਵਰਤਿਆ ਅਤੇ 20 ਓਵਰਾਂ ਵਿੱਚ 255/5 ਦਾ ਵਿਸ਼ਵ ਰਿਕਾਰਡ ਸਕੋਰ ਬਣਾਇਆ, ਜੋ ਕਿ ਟੀ20 ਵਿਸ਼ਵ ਕੱਪ ਫਾਈਨਲ ਵਿੱਚ ਸਭ ਤੋਂ ਵੱਡਾ ਸਕੋਰ ਹੈ। ਓਪਨਰ ਅਭਿਸ਼ੇਕ ਸ਼ਰਮਾ ਨੇ ਤੇਜ਼ੀ ਨਾਲ 52 ਰਨ ਬਣਾਏ, ਜਿਸ ਵਿੱਚ ਉਸ ਨੇ ਟੂਰਨਾਮੈਂਟ ਦਾ ਸਭ ਤੋਂ ਤੇਜ਼ ਅੱਰਧ ਸੈਂਕੜਾ ਲਗਾਇਆ। ਸੰਜੂ ਸੈਮਸਨ ਨੇ 46 ਗੇਂਦਾਂ 'ਤੇ 89 ਰਨਾਂ ਦੀ ਸ਼ਾਨਦਾਰ ਪਾਰੀ ਖੇਡੀ, ਜੋ ਫਾਈਨਲ ਵਿੱਚ ਕਿਸੇ ਵਿਅਕਤੀਗਤ ਸਕੋਰ ਵਜੋਂ ਸਭ ਤੋਂ ਵੱਡੀ ਸੀ। ਈਸ਼ਾਨ ਕਿਸ਼ਨ ਨੇ 25 ਗੇਂਦਾਂ 'ਤੇ 54 ਰਨ ਬਣਾ ਕੇ ਤੇਜ਼ ਰਫ਼ਤਾਰ ਨੂੰ ਬਣਾਈ ਰੱਖੀ। ਸੂਰਿਆ ਕੁਮਾਰ ਯਾਦਵ ਨੂੰ ਗੋਲਡਨ ਡੱਕ ਮਿਲਿਆ ਪਰ ਟੀਮ ਨੇ ਇਸ ਨੂੰ ਪ੍ਰਭਾਵਿਤ ਨਹੀਂ ਹੋਣ ਦਿੱਤਾ। ਅੰਤ ਵਿੱਚ ਸ਼ਿਵਮ ਦੂਬੇ ਨੇ 8 ਗੇਂਦਾਂ 'ਤੇ 26 ਰਨ ਬਣਾ ਕੇ ਆਖਰੀ ਓਵਰਾਂ ਵਿੱਚ ਤੂਫਾਨ ਲਿਆਂਦਾ ਅਤੇ ਟੀਮ ਨੂੰ 250 ਦੇ ਪਾਰ ਲੈ ਗਿਆ। ਨਿਊਜ਼ੀਲੈਂਡ ਵੱਲੋਂ ਜੇਮਜ਼ ਨੀਸ਼ਮ ਨੇ 3 ਵਿਕਟਾਂ ਲਈਆਂ ਪਰ ਭਾਰਤੀ ਬੱਲੇਬਾਜ਼ਾਂ ਨੂੰ ਇਸ ਦਾ ਕੋਈ ਫਰਕ ਨਹੀਂ ਪਿਆ। ਟਿੱਚੇ ਦਾ ਪਿਛਾ ਕਰਨ ਉਤਰੀ ਨਿਊਜ਼ੀਲੈਂਡ ਨੂੰ ਭਾਰਤੀ ਗੇਂਦਬਾਜ਼ਾਂ ਨੇ ਬਿਲਕੁਲ ਵੀ ਮੌਕਾ ਨਹੀਂ ਦਿੱਤਾ। ਟਿਮ ਸੇਫਰਟ ਨੇ 52 ਰਨ ਬਣਾਏ ਪਰ ਬਾਕੀ ਬੱਲੇਬਾਜ਼ ਲੜਖੜਾਏ। ਜਸਪ੍ਰੀਤ ਬੁਮਰਾਹ ਨੇ 4 ਵਿਕਟਾਂ ਲੈ ਕੇ ਮੈਚ ਵਿੱਚ ਸਭ ਤੋਂ ਵੱਡੀ ਭੂਮਿਕਾ ਨਿਭਾਈ ਅਤੇ ਆਪਣੀ ਕਲਾਸ ਨੂੰ ਸਾਬਤ ਕੀਤਾ। ਅਕਸ਼ਰ ਪਟੇਲ ਨੇ 3 ਵਿਕਟਾਂ ਨਾਲ ਮਿਡਲ ਓਵਰਾਂ ਵਿੱਚ ਦਬਦਬਾ ਬਣਾਇਆ। ਹਾਰਦਿਕ ਪੰਡਿਆ ਅਤੇ ਅਭਿਸ਼ੇਕ ਸ਼ਰਮਾ ਨੇ ਵੀ ਵਿਕਟਾਂ ਲਈਆਂ। ਨਿਊਜ਼ੀਲੈਂਡ 19 ਓਵਰਾਂ ਵਿੱਚ 159 ਰਨਾਂ 'ਤੇ ਆਲ ਆਊਟ ਹੋ ਗਿਆ। ਇਹ ਜਿੱਤ ਭਾਰਤੀ ਟੀਮ ਦੇ ਸੰਪੂਰਨ ਪ੍ਰਦਰਸ਼ਨ ਦਾ ਨਤੀਜਾ ਸੀ ਜਿੱਥੇ ਹਰ ਖਿਡਾਰੀ ਨੇ ਆਪਣੀ ਭੂਮਿਕਾ ਨਿਭਾਈ। ਬੱਲੇਬਾਜ਼ਾਂ ਨੇ ਰਨ ਬਣਾਏ, ਗੇਂਦਬਾਜ਼ਾਂ ਨੇ ਰੋਕਿਆ ਅਤੇ ਫੀਲਡਿੰਗ ਵਿੱਚ ਵੀ ਕੋਈ ਕਮੀ ਨਹੀਂ ਰਹੀ। ਇਸ ਜਿੱਤ ਨਾਲ ਭਾਰਤ ਨੇ ਨਾ ਸਿਰਫ਼ ਤੀਜਾ ਟੀ20 ਵਿਸ਼ਵ ਕੱਪ ਜਿੱਤਿਆ ਸਗੋਂ ਕ੍ਰਿਕਟ ਇਤਿਹਾਸ ਵਿੱਚ ਆਪਣਾ ਨਾਂ ਅਮਰ ਕਰ ਲਿਆ। ਸੂਰਿਆ ਕੁਮਾਰ ਯਾਦਵ ਦੀ ਅਗਵਾਈ ਵਿੱਚ ਟੀਮ ਨੇ ਡਿਫੈਂਸਿਵ ਖਿਤਾਬ ਅਤੇ ਘਰੇਲੂ ਜਿੱਤ ਦੇ ਰਿਕਾਰਡ ਬਣਾਏ। ਪੂਰੇ ਦੇਸ਼ ਵਿੱਚ ਜਸ਼ਨ ਮਨਾਏ ਜਾ ਰਹੇ ਹਨ ਅਤੇ ਇਹ ਪਲ ਹਰ ਭਾਰਤੀ ਲਈ ਗਰਵ ਵਾਲਾ ਹੈ। ਟੀ20 ਵਿਸ਼ਵ ਕੱਪ 2026 ਦਾ ਇਹ ਫਾਈਨਲ ਭਾਰਤੀ ਕ੍ਰਿਕਟ ਦੇ ਸ_ ਨ ਹਿ ਰੀ ਅਧਿਆਇ ਵਜੋਂ ਯਾਦ ਰੱਖਿਆ ਜਾਵੇਗਾ। ਜੈ ਹਿੰਦ! ਜੈ ਭਾਰਤ!



**ਸੰਦੀਪ ਕੁਮਾਰ**
**ਸੰਪਰਕ** : 70098-07121

# ਪੰਜਾਬ ਸਰਕਾਰ ਵੱਲੋਂ 4 ਸਾਲਾਂ ਦੌਰਾਨ ਬਿਜਲੀ ਖੇਤਰ ਵਿੱਚ ਨਵੇਂ ਮੀਲ ਪੱਥਰ ਸਥਾਪਤ

ਜ਼ਿਕਰ ਪੰਜਾਬ

ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਖੇਤਰਾਂ ਜਿਨਾਂ ਵਿੱਚ ਵਿਸ਼ੇਸ਼ ਕਰਕੇ ਬਿਜਲੀ,ਸਿਹਤ ਸੇਵਾਵਾਂ,ਵਿਦਿਆ, ਹਰ 18 ਸਾਲ ਤੋਂ ਵੱਧ ਬਾਲਗ ਲੜਕੀਆਂ ਨੂੰ 1000 ਰੁਪਏ ਅਤੇ ਐਸ.ਈ.ਸ੍ਰੇਣੀ ਦੀਆਂ ਔਰਤਾਂ ਨੂੰ 1500 ਰੁਪਏ ਅਤੇ ਹੋਰ ਕਈ ਸਕੀਮਾਂ ਲਾਗੂ ਕੀਤੀਆਂ, ਕਈ ਪਹਿਲ ਕਦਮੀਆਂ ਕੀਤੀਆਂ ਜਿਨਾਂ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ ।

ਪੰਜਾਬ ਸਰਕਾਰ ਦੇ ਬਿਜਲੀ ਵਿਭਾਗ ਅਧੀਨ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ ਪੰਜਾਬ ਦੇ ਸਰਵਪੱਖੀ ਵਿਕਾਸ ਅਤੇ ਆਰਥਿਕ ਤਰੱਕੀ ਵਿੱਚ ਵੱਡਮੁੱਲਾ ਯੋਗਦਾਨ ਪਾ ਰਹੀਆਂ ਹਨ । ਸਰਦਾਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਗਤੀਸ਼ੀਲ ਅਗਵਾਈ ਅਤੇ ਸ੍ਰੀ ਸੰਜੀਵ ਅਰੋੜਾ ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ,ਊਰਜਾ ਅਤੇ ਸਥਾਨਕ ਸਰਕਾਰ ਦੀ ਰਹਿਨੁਮਾਈ ਹੇਠ ਬਿਜਲੀ ਖੇਤਰ ਵਿੱਚ ਸਾਰੀਆਂ ਸ਼੍ਰੇਣੀਆਂ ਦੇ ਬਿਜਲੀ ਖਪਤਕਾਰਾਂ ਨੂੰ ਨਿਰਵਿਘਨ, ਪਾਏਦਾਰ ਅਤੇ ਸਸਤੀ ਬਿਜਲੀ ਦੀ ਸਪਲਾਈ ਤੋਂ ਇਲਾਵਾ ਸਮੇਂ ਸਮੇਂ ਤੇ ਖਪਤਕਾਰੀ ਪੱਖੀ ਸੇਵਾਵਾਂ ਦਿੱਤੀਆਂ ਹਨ। ਪੰਜਾਬ ਸਰਕਾਰ ਵੱਲੋਂ ਪ੍ਰਾਈਵੇਟ ਥਰਮਲ ਪਲਾਂਟ ਜੀਵੀਕੇ ਦੀ ਖਰੀਦ ਅਤੇ ਝਾਰਖੰਡ ਦੀ ਪਛਵਾੜਾ ਕੇਂਦਰੀ ਕੋਲ ਖਾਣ ਸਬੰਧੀ ਸਰਦਾਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਵੱਲੋਂ ਲਏ ਗਏ ਫੈਸਲੇ ਉਹਨਾਂ ਦੀ ਦ੍ਰਿੜ ਰਾਜਨੀਤਿਕ ਇੱਛਾ ਸ਼ਕਤੀ ਦਾ ਪ੍ਰਤਖ ਪ੍ਰਤੀਕ ਹਨ। ਸਰਦਾਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਚਾਰ ਸਾਲ ਪੂਰੇ ਕਰ ਲਏ ਹਨ ਅਤੇ ਪੰਜਾਬ ਸਰਕਾਰ ਪੰਜਵੇਂ ਸਾਲ ਦੇ ਸਫਰ ਸ਼ੁਰੂ ਕਰਨ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਬਿਜਲੀ ਦੇ ਖੇਤਰ ਵਿੱਚ ਪਿਛਲੇ ਚਾਰ ਸਾਲਾਂ ਦੌਰਾਨ ਕੀਤੇ ਇਮਾਨਦਾਰੀ ਅਤੇ ਦ੍ਰਿੜ ਇਰਾਦੇ ਨਾਲ ਕੀਤੇ ਉਪਰਾਲਿਆਂ ਦੇ ਨਤੀਜਿਆਂ ਸਦਕਾ ਨਵੇਂ ਮੀਲ ਪੱਥਰ ਸਥਾਪਿਤ ਹੋਏ ਹਨ । ਸਾਲ 2022, 2023, 2024 ਅਤੇ 2025 ਦੇ ਝੋਨੇ ਦੇ ਮੌਸਮ ਦੌਰਾਨ ਘਰੇਲੂ ,ਵਪਾਰਕ, ਉਦਯੋਗਿਕ ਅਤੇ ਹੋਰ ਸ਼੍ਰੇਣੀਆਂ ਦੇ ਖਪਤਕਾਰਾਂ ਤੇ ਬਿਜਲੀ ਕੱਟ ਲਗਾਏ ਬਿਨਾਂ ਖੇਤੀਬਾੜੀ ਖਪਤਕਾਰਾਂ ਨੂੰ ਅੱਠ ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਦਿੱਤੀ ਗਈ। ਸਾਰੇ ਖਪਤਕਾਰਾਂ ਲਈ ਸਵੈ ਇੱਛਕ ਲੋੜ ਪ੍ਰਗਟਾਵਾ ਸਕੀਮ, ਨਿੱਜੀ ਖੇਤਰ ਦਾ ਥਰਮਲ ਪਲਾਂਟ ਖਰੀਦਣ ਤੋਂ ਇਲਾਵਾ, ਬਿਜਲੀ ਦੀ ਪੈਦਾਵਾਰ ਨੂੰ ਵਧਾਉਣ , ਬਿਜਲੀ ਖਪਤਕਾਰਾਂ ਨੂੰ ਪਾਇਦਾਰ ਤੇ ਨਿਰਵਿਘਨ ਬਿਜਲੀ ਸਪਲਾਈ ਕਰਾਉਣ ਲਈ ਸਕੀਮਾਂ ਨੂੰ ਲਾਗੂ ਕਰਨਾ, ਠੇਕੇਦਾਰ ਤੇ ਆਊਟਸੋਰਸ ਏਜੰਸੀਆਂ ਵੱਲੋਂ ਰੱਖੇ ਗਏ ਕਾਮਿਆਂ ਲਈ ਦੁਰਘਟਨਾ ਮੁਆਵਜਾ ਨੀਤੀ ਅਤੇ ਰੁਜ਼ਗਾਰ ਮੁਹਈਆ ਆਦਿ ਕਰਾਉਣਾ ਸ਼ਾਮਿਲ ਹੈ। ਪੰਜਾਬ ਦੇਸ਼ ਦਾ ਪਹਿਲਾਂ ਸੂਬਾ ਹੈ ਜਿੱਥੇ ਰਾਜ ਦੇ ਸਾਰੇ ਘਰੇਲੂ ਖਪਤਕਾਰਾਂ ਨੂੰ 600 ਯੂਨਿਟ ਦੋ ਮਹੀਨੇ /300 ਯੂਨਿਟ ਇਕ ਮਹੀਨੇ ਲਈ ਮੁਫਤ ਬਿਜਲੀ ਦਿੱਤੀ ਜਾਂਦੀ ਹੈ । ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਇਸ ਵੇਲੇ ਪੰਜਾਬ ਵਿੱਚ ਇੱਕ ਕਰੋੜ 17 ਲੱਖ ਤੋਂ ਵੱਧ ਵੱਖ-ਵੱਖ ਸ਼੍ਰੇਣੀਆਂ ਦੇ ਖਪਤਕਾਰਾਂ ਦੇ ਅਹਾਤਿਆਂ ਨੂੰ ਰੋਸ਼ਨਾ ਰਿਹਾ ਹੈ, ਇਹਨਾਂ ਵਿੱਚ 85 ਲੱਖ ਤੋਂ ਵੱਧ ਘਰੇਲੂ ਖਪਤਕਾਰ ਹਨ ਇਥੇ ਦੱਸਿਆ ਜਾਂਦਾ ਹੈ ਕਿ ਪਿਛਲੇ ਚਾਰ ਸਾਲਾਂ ਵਿੱਚ 13 ਲੱਖ ਤੋਂ ਵੱਧ ਘਰੇਲੂ ਖਪਤਕਾਰਾਂ ਨੇ ਨਵੇਂ ਬਿਜਲੀ ਕਨੈਕਸ਼ਨ ਲਏ ਹਨ। ਵਪਾਰਕ ਅਦਾਰੇ ਹਮੇਸ਼ਾ ਖਪਤਕਾਰਾਂ ਤੇ ਨਿਰਭਰ ਹੁੰਦੇ ਹਨ ਇਸੇ ਹੀ ਲੜੀ ਵਿੱਚ ਪਾਵਰਕਮ ਵੱਲੋਂ ਆਪਣੇ ਨਵੇਂ ਬਿਜਲੀ ਖਪਤਕਾਰਾਂ ਨੂੰ ਕਨੈਕਸ਼ਨ ਦੇਣ ਦੀ ਪ੍ਰਕਿਰਿਆ ਨੂੰ ਵੀ ਸੁਖਾਲਾ ਕੀਤਾ ਗਿਆ ਹੈ ਇਸ ਵਿੱਚ ਮੁੱਖ ਤੌਰ ਤੇ ਐਨ.ਓ.ਸੀ. ਨੂੰ ਖਤਮ ਕੀਤਾ ਗਿਆ ਹੈ ਜੋ ਕਿ ਖਪਤਕਾਰਾਂ ਲਈ ਬਹੁਤ ਵੱਡੀ ਰਾਹਤ ਹੈ। ਇਸ ਤੋਂ ਇਲਾਵਾ ਹੁਣ ਗੈਰ ਅਧਿਕਾਰਤ ਕਲੋਨੀਆਂ ਵਿੱਚ ਵੀ ਬਿਜਲੀ ਕਨੈਕਸ਼ਨ ਜਾਰੀ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਐਲ.ਟੀ. ਸਪਲਾਈ ਸ਼੍ਰੇਣੀ ਖਪਤਕਾਰਾਂ ਦੇ ਏ ਐਂਡ ਏ ਫਾਰਮ ਨੂੰ ਵੀ ਬਹੁਤ ਸਰਲ ਬਣਾਇਆ ਗਿਆ ਹੈ। ਸਾਲ 2026-27 ਦੇ ਟੈਰਿਫ ਆਰਡਰ ਅਨੁਸਾਰ ਪੰਜਾਬ ਵਿੱਚ ਘਰੇਲੂ ਖਪਤਕਾਰਾਂ ਦੇ ਬਿਜਲੀ ਦੇ ਰੇਟਾਂ ਵਿੱਚ ਵੀ ਕਮੀ ਕੀਤੀ ਗਈ ਹੈ ,ਇਸ ਤੋਂ ਇਲਾਵਾ ਖਪਤਕਾਰਾਂ ਲਈ ਹੋਰ ਕਈ ਸਹੂਲਤਾਂ ਵੀ ਜਾਰੀ ਕੀਤੀਆਂ ਗਈਆਂ ਹਨ ਸੂਬੇ ਵਿੱਚ ਬਿਜਲੀ ਖਪਤਕਾਰਾਂ ਨੂੰ ਬਿਜਲੀ ਦਰਾਂ ਵਿੱਚ ਔਸਤਨ ਇਕ ਰੁਪਏ ਪ੍ਰਤੀ ਯੂਨਿਟ ਦੀ ਕਟੋਤੀ ਕੀਤੀ ਗਈ। ਜਿਸ ਨਾਲ ਹਰ ਵਰਗ ਦੇ ਖਪਤਕਾਰ ਨੂੰ ਪਹਿਲੀ ਅਪ੍ਰੈਲ,2026 ਤੋਂ ਹੁਣ ਪ੍ਰਤੀ ਯੂਨਿਟ ਬਿਜਲੀ ਪੰਜਾਬ 50 ਪੈਸੇ ਤੋਂ ਡੇਢ ਰੁਪਏ ਤੱਕ ਸਸਤੀ ਮਿਲੇਗੀ। ਨਵੀਆਂ ਬਿਜਲੀ ਦਰਾਂ ਅਨੁਸਾਰ ਘਰੇਲੂ ਖਪਤਕਾਰਾਂ ਨੂੰ ਦੋ ਕਿਲੋ ਵੱਟ ਤੱਕ 300 ਯੂਨਿਟ ਲਈ ਬਿਜਲੀ ਹੁਣ ਪ੍ਰਤੀ ਯੂਨਿਟ 1.55 ਰੁਪਏ ਪ੍ਰਤੀ ਇਕ ਰੁਪਏ 55 ਪੈਸੇ ਸਸਤੀ ਮਿਲੇਗੀ 300 ਯੂਨਿਟ ਤੋਂ ਉੱਪਰ ਬਿਜਲੀ ਪ੍ਰਤੀ ਯੂਨਿਟ 70 ਪੈਸੇ ਪ੍ਰਤੀ ਯੂਨਿਟ ਸਸਤੀ ਮਿਲੇਗੀ ਇਸੇ ਤਰ੍ਹਾਂ ਦੋ ਤੋਂ ਸੱਤ ਕਿਲੋਵਾਟ ਤੱਕ ਦੇ ਘਰੇਲੂ ਖਪਤਕਾਰਾਂ ਲਈ 300 ਯੂਨਿਟ ਤੱਕ ਬਿਜਲੀ ਪ੍ਰਤੀ ਯੂਨਿਟ 1.47 ਰੁਪਏ ਸਸਤੀ ਕੀਤੀ ਗਈ ਹੈ 300 ਯੂਨਿਟ ਤੋਂ ਉੱਪਰ ਬਿਜਲੀ 70 ਪੈਸੇ ਪ੍ਰਤੀ ਯੂਨਿਟ ਸਸਤੀ ਕੀਤੀ ਗਈ ਹੈ । ਗੈਰ ਰਿਹਾਇਸ਼ ਸਪਲਾਈ ਲਈ ਬਿਜਲੀ ਲੋੜ ਦੇ ਹਿਸਾਬ ਨਾਲ ਪ੍ਰਤੀ ਯੂਨਿਟ 50 ਤੋਂ 79 ਪੈਸੇ ਘਟਾਈ ਗਈ ਹੈ ਸਮਾਲ ਪਾਵਰ ਸਪਲਾਈ ਦੀ ਬਿਜਲੀ ਪ੍ਰਤੀ ਯੂਨਿਟ 12 ਪੈਸੇ ਮੀਡੀਅਮ ਸਪਲਾਈ ਚ ਪ੍ਰਤੀ ਯੂਨਿਟ 42 ਪੈਸੇ ਅਤੇ ਲਾਰਥ ਸਪਲਾਈ ਪ੍ਰਤੀ ਯੂਨਿਟ 70 ਤੋਂ 74 ਪੈਸੇ ਪ੍ਰਤੀ ਯੂਨਿਟ ਕਟੌਤੀ ਕੀਤੀ ਗਈ ਹੈ। ਖੇਤੀਬਾੜੀ ਟਿਊਬਵੈਲ ਦੀ ਬਿਜਲੀ ਪ੍ਰਤੀ ਯੂਨਿਟ 1.32 ਰੁਪਏ ਕਮੀ ਕੀਤੀ ਗਈ ਹੈ ਖੇਤੀ ਮੋਟਰਾਂ ਵਾਲੀ ਬਿਜਲੀ ਦੀ ਤਾਰ 6.7 ਰੁਪਏ ਤੋਂ ਘਟਾ ਕੇ 5.38 ਰੁਪਏ ਪ੍ਰਤੀ ਯੂਨਿਟ ਰੈ ਗਈ ਹੈ।

**ਗੁਰੂ ਅਮਰਦਾਸ ਥਰਮਲ ਪਲਾਂਟ ਗੋਇੰਦਵਾਲ ਸਾਹਿਬ ਦੀ ਖਰੀਦ**

ਪੰਜਾਬ ਸਰਕਾਰ ਨੇ ਸਾਲ 2024 ਵਿੱਚ ਨਿਜੀ ਖੇਤਰ ਦੇ ਜੀਵੀਕੇ ਥਰਮਲ ਪਲਾਂਟ ਗੋਇੰਦਵਾਲ ਸਾਹਿਬ ਨੂੰ 1080 ਕਰੋੜ ਰੁਪਏ ਵਿੱਚ ਖਰੀਦ ਕੇ ਨਵਾਂ ਇਤਿਹਾਸ ਸਿਰਜਿਆ ਹੈ ਜੀਵੀਕੇ ਥਰਮਲ ਪਲਾਂਟ ਦਾ ਸਭ ਤੋਂ ਘੱਟ ਕੀਮਤ ਉੱਤੇ ਖਰੀਦ ਸਮਝੌਤਾ ਹੈ, ਇਸ ਥਰਮਲ ਪਲਾਂਟ ਤੇ ਖਰੀਦਣ ਨਾਲ ਪੰਜਾਬ ਵਿੱਚ ਬਿਜਲੀ ਦੀ ਦਰ ਪ੍ਰਤੀ ਯੂਨਿਟ ਇਕ ਰੁਪਏ ਦੇ ਕਟੌਤੀ ਕਰਨ ਵਿਚ ਮਦਦ ਮਿਲੀ। ਗੁਰੂ ਅਮਰਦਾਸ ਥਰਮਲ ਪਲਾਂਟ ਜਿਸ ਨੂੰ ਜੀਵੀਕੇ ਥਰਮਲ ਪਾਵਰ ਪਲਾਂਟ ਵੀ ਕਿਹਾ ਜਾਂਦਾ ਹੈ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਫਰਵਰੀ 2024 ਵਿੱਚ ਖਰੀਦਣ ਤੋਂ ਬਾਅਦ ਇਸਦਾ ਪਲਾਂਟ ਲੋਡ ਫੈਕਟਰ ਵਧ ਕੇ ਜੁਲਾਈ 2025 ਵਿੱਚ ਲਗਭਗ 82% ਤੱਕ ਪਹੁੰਚ ਗਿਆ ਹੈ। ਖਰੀਦ ਤੋਂ ਪਹਿਲਾਂ ਅਪ੍ਰੈਲ 2016 ਤੋਂ ਜਨਵਰੀ 2024 ਤੱਕ ਇਸ ਪਲਾਂਟ ਦਾ ਔਸਤ ਪਲਾਂਟ ਲੋਡ ਫੈਕਟਰ ਕੇਵਲ 34% ਦੇ ਕਰੀਬ ਸੀ। ਜੁਲਾਈ 2024 ਵਿੱਚ ਇਸ ਥਰਮਲ ਪਲਾਂਟ ਨੇ 90%ਪਲਾਂਟ ਲੋਡ ਫੈਕਟਰ ਦਾ ਰਿਕਾਰਡ ਬਣਾਇਆ। ਵਿੱਤੀ ਵਰ੍ਹਾ 2024-25 ਵਿੱਚ ਇਸਦਾ ਔਸਤ ਪਲਾਂਟ ਲੋਡ ਫੈਕਟਰ ਲਗਭਗ 65% ਰਿਹਾ।

**ਪੰਜਾਬ ਲਈ ਵਰਦਾਨ ਹੈ ਝਾਰਖੰਡ ਦੀ ਪਛਵਾੜਾ ਕੇਂਦਰੀ ਕੋਲ ਖਾਨ**

ਸੱਚੀਆਂ ਨੀਤਾਂ ਨੂੰ ਮੁਰਾਦਾਂ ਇਹ ਕਹਾਵਤ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਦੀ ਪਛਵਾੜਾ ਕੇਂਦਰੀ ਕੋਲ ਖਾਨ ਝਾਰਖੰਡ ਨੂੰ ਲੈ ਕੇ ਪੂਰੀ ਤਰ੍ਹਾਂ ਢੁਕਦੀ ਹੈ ਪਛਵਾੜਾ ਕੇਂਦਰੀ ਕੋਲ ਖਾਣ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਈ ਇੱਕ ਵਰਦਾਨ ਸਾਬਤ ਹੋਈ ਹੈ। ਪਛਵਾੜਾ ਕੋਲਾ ਖਾਨ ਮਾਰਚ 2015 ਵਿੱਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਨੂੰ ਅਲਾਟ ਹੋਈ ਸੀ



ਅਤੇ ਲਗਭਗ 7 ਸਾਲਾਂ ਬਾਅਦ ਦਸੰਬਰ 2022 ਵਿੱਚ ਚਾਲੂ ਹੋਈ। ਹੁਣ ਤੱਕ ਲਗਭਗ 170 ਲੱਖ ਮੈਟ੍ਰਿਕ ਟਨ ਕੋਲ (4266 ਰੇਕਾਂ) ਪ੍ਰਾਪਤ ਹੋ ਚੁੱਕਾ ਹੈ, ਜਿਸ ਨਾਲ ਕੋਲ ਇੰਡੀਆ ਲਿਮਿਟਡ ਦੇ ਕੋਲ ਨਾਲੋਂ ਹਰ 1 ਲੱਖ ਮੈਟ੍ਰਿਕ ਟਨ 'ਤੇ ਲਗਭਗ 8.5 ਕਰੋੜ ਦੀ ਬਚਤ ਹੋਈ ਹੈ। ਇਸ ਤਰ੍ਹਾਂ ਹੁਣ ਤੱਕ ਕੁੱਲ ਲਗਭਗ ?1445 ਕਰੋੜ ਦੀ ਬਚਤ ਕੀਤੀ ਗਈ ਹੈ। ਥਰਮਲ ਪਲਾਂਟਾਂ ਵਿੱਚ ਕੋਲ ਦੀ ਕੋਈ ਕਮੀ ਨਹੀਂ ਹੈ ਅਤੇ ਮੌਜੂਦਾ ਕੋਲ ਸਟਾਕ ਇਹ ਹੈ:ਰੋਪੜ ਥਰਮਲ ਪਲਾਂਟ: 43 ਦਿਨਾਂ ਦਾ ਸਟਾਕ,ਲਹਿਰਾ ਮੁਹੱਬਤ ਪਲਾਂਟ: 34 ਦਿਨਾਂ ਦਾ ਸਟਾਕ,ਗੋਇੰਦਵਾਲ ਸਾਹਿਬ ਥਰਮਲ ਪਲਾਂਟ: 36 ਦਿਨਾਂ ਦਾ ਸਟਾਕ ਹੈ ।ਪਛਵਾੜਾ ਕੋਲਾ ਖਾਨ ਦਾ ਕੋਲਾ ਸਿਰਫ ਸਰਕਾਰੀ ਬਿਜਲੀ ਪਲਾਂਟਾਂ ਲਈ ਵਰਤਿਆ ਜਾ ਸਕਦਾ ਹੈ ਪੰਜਾਬ ਵਿੱਚ ਪੰਜਾਬ ਵੱਲੋਂ ਇਸ ਥਰਮਲ ਪਲਾਂਟ ਦੀ ਖਰੀਦ ਨਾਲ ਹੋਣ ਪਛਵਾੜਾ ਕੋਲ ਖਾਣ ਦਾ ਕੋਲਾ ਇਸ ਥਰਮਲ ਪਲਾਂਟ ਤੋਂ ਬਿਜਲੀ ਦੀ ਪੈਦਾਵਾਰ ਲਈ ਵਰਤਿਆ ਜਾਵੇਗਾ।

**ਰੌਸ਼ਨ ਪੰਜਾਬ ਪ੍ਰੋਜੈਕਟ ਦੀ ਸ਼ੁਰੂਆਤ**

ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਦੇਸ਼ ਦਾ ਪਹਿਲਾ ਬਿਜਲੀ ਕੱਟ ਮੁਕਤ ਸੂਬਾ ਬਣਾਉਣ ਲਈ ਰੋਸ਼ਨ ਪੰਜਾਬ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ। ਬਿਜਲੀ ਦੇ ਖੇਤਰ ਵਿੱਚ ਇਸ ਪਹਿਲਕਦਮੀ ਤਹਿਤ ਟ੍ਰਾਂਸਮਿਸ਼ਨ ਅਤੇ ਵੰਡ ਨੈਟਵਰਕ ਦੀ ਸੰਪੂਰਨ ਤਬਦੀਲੀ ਰਾਹੀਂ ਪੰਜਾਬ ਨੂੰ ਬਿਜਲੀ ਕੱਟਾ ਤੋਂ ਮੁਕਤ ਕਰਨ ਲਈ 5000 ਕਰੋੜ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਪੰਜਾਬ ਵਿੱਚ ਬਿਜਲੀ ਖੇਤਰ ਚ ਸੁਧਾਰ ਲਿਆਉਣ ਲਈ 5000 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾ ਰਿਹਾ। ਇਸ ਪ੍ਰੋਜੈਕਟ ਰਾਹੀਂ ਪੰਜਾਬ ਨੂੰ ਅਗਲੇ ਸਾਲ ਤੱਕ ਨਿਰਵਿਘਨ 24 ਘੰਟੇ ਬਿਜਲੀ ਸਪਲਾਈ ਮਿਲੇਗੀ ਇਸੇ ਕਰਕੇ ਹੀ ਇਸ ਪ੍ਰੋਜੈਕਟ ਦਾ ਨਾਂ ਰੋਸ਼ਨ ਪੰਜਾਬ ਰੱਖਿਆ ਗਿਆ ਹੈ। ਇਸ ਪ੍ਰੋਜੈਕਟ ਤਹਿਤ ਨਵੇਂ ਸਬ ਸਟੇਸ਼ਨ ਤੇ ਬਿਜਲੀ ਲਾਈਨਾਂ ਵਿਛਾਈਆਂ ਜਾਣਗੀਆਂ ਫੀਡਰਾਂ ਤੇ ਲੋਡ ਘਟਾਇਆ ਜਾਵੇਗਾ ਅਤੇ ਹੋਰ ਅਹਿਮ ਉਪਰਾਲੇ ਕੀਤੇ ਜਾਣਗੇ। ਨਵਾਂ ਬੁਨਿਆਦੀ ਢਾਂਚਾ ਬਣਾਉਣ,ਮੌਜੂਦਾ ਪ੍ਰਣਾਲੀ ਨੂੰ ਅਪਗਰੇਡ ਕਰਨ ਅਤੇ ਬਿਜਲੀ ਖੇਤਰ ਚ ਸਾਂਭ ਸੰਭਾਲ ਵਧਾਉਣ ਤੇ ਧਿਆਨ ਕੇਂਦਰ ਕੀਤਾ ਜਾਵੇਗਾ। ਇਸ ਰੋਸ਼ਨ ਪੰਜਾਬ ਪ੍ਰੋਜੈਕਟ ਦੇ ਨਾਲ ਪੰਜਾਬ ਬਿਜਲੀ ਦੇ ਖੇਤਰ ਦੇ ਸੁਧਾਰਾਂ ਨਾਲ ਪੰਜਾਬ ਦੇਸ਼ ਲਈ ਚਾਨਣ ਮੁਨਾਰਾ ਬਣ ਕੇ ਉਭਰਿਆ ਹੈ। ਬਿਜਲੀ ਖਪਤਕਾਰਾਂ ਨੂੰ ਪਾਏਦਾਰ ਤੇ ਨਿਰਵਿਘਨ ਸਪਲਾਈ ਲਈ ਟ੍ਰਾਂਸਮਿਸ਼ਨ / ਡਿਸਟ੍ਰੀਬਿਊਸ਼ਨ ਖੇਤਰ ਦੇ ਕੰਮ ਕੀਤੇ ਜਾ ਰਹੇ ਹਨ। 26 ਨਵੇਂ 66 ਕੇਵੀ ਸਬ ਸਟੇਸ਼ਨ ਬਣਾਏ ਗਏ, 194 ਪਾਵਰ ਟ?ਰਾਂਸਫਾਰਮਰਾਂ ਦੀ ਸਮਰੱਥਾ ਵਿੱਚ ਵਾਧਾ ਕੀਤਾ ਗਿਆ ਅਤੇ 34 ਨਵੇਂ ਪਾਵਰ ਟ?ਰਾਂਸਫਾਰਮਰਾਂ ਵੀ ਸ਼ਾਮਲ ਕੀਤੇ ਗਏ। ਇਸ ਤਰ੍ਹਾਂ ਕੁੱਲ ਸਮਰੱਥਾ ਵਿੱਚ 2737 ਐਮਵੀਏ ਦਾ ਵਾਧਾ ਹੋਇਆ ।337 ਸਰਕਿਟ ਕਿਲੋਮੀਟਰ ਨਵੀਆਂ 66 ਕੇ.ਵੀ. ਲਾਈਨਾਂ ਜੋੜੀਆਂ ਗਈਆਂ ਅਤੇ 615 ਸਰਕਿਟ ਕਿਲੋਮੀਟਰ ਲਾਈਨਾਂ ਦੀ ਸਮਰੱਥਾ ਵਿੱਚ ਵਾਧਾ ਕੀਤਾ ਗਿਆ।01-04-2022 ਤੋਂ 31-11-2025 ਤੱਕ ਦੇ ਸਮੇਂ ਦੌਰਾਨ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ ਵੱਲੋਂ 400/220/132 ਕੇ.ਵੀ. ਸਬ ਸਟੇਸ਼ਨਾਂ 'ਤੇ 413 ਸਰਕਿਟ ਕਿਲੋਮੀਟਰ ਟ?ਰਾਂਸਮਿਸ਼ਨ ਲਾਈਨਾਂ ਅਤੇ 7657 ਐਮ.ਵੀ.ਏ. ਸਮਰੱਥਾ ਸ਼ਾਮਲ ਕੀਤੀ ਗਈ। 400 ਕੇਵੀ ਨਵਾਂ ਸਬ ਸਟੇਸ਼ਨ ਧਨਾਨਸੂ (ਸਾਈਕਲ ਵੈਲੀ) ਜਿਸ ਵਿੱਚ 1ਗ500 ਐਮਵੀਏ, 400/220 ਕੇਵੀ 93" ਅਤੇ 400 ਕੇਵੀ ਜਲੰਧਰ-ਕੁਰੁਕਸ਼ੇਤਰ ਲਾਈਨ ਨਾਲ ਆਈ ਐਸ ਟੀ ਐਸ ਕਨੈਕਟਿਵਟੀ ਹੈ, ਨੂੰ ਜਨਵਰੀ 2024 ਵਿੱਚ ਚਾਲੂ ਕੀਤਾ ਗਿਆ। 400 ਕੇ.ਵੀ. ਨਵਾਂ ਸਬ ਸਟੇਸ਼ਨ ਰੋਪੜ ਜਿਸ ਵਿੱਚ 2ਗ500 ਐਮਵੀਏ, 400/220 ਕੇ.ਵੀ. ਆਈ ਸੀ ਟੀ 93" ਅਤੇ 400 ਕੇਵੀ ਲੁਧਿਆਣਾ-ਕੋਲਡਮ-ਨੰਗੇ ਲਾਈਨ ਨਾਲ ਆਈਐਸਟੀਐਸ ਕਨੈਕਟਿਵਟੀ ਹੈ, ਨੂੰ ਅਗਸਤ 2024 ਵਿੱਚ ਚਾਲੂ ਕੀਤਾ ਗਿਆ। 220 ਕੇਵੀ ਸਬ ਸਟੇਸ਼ਨ ਗੁਰਦਾਸਪੁਰ (2ਗ100 ਐਮਵੀਏ) ਨੂੰ 132 ਕੇਵੀ ਤੋਂ ਅੱਪਗ੍ਰੇਡ ਕਰਕੇ 220 ਕੇਵੀ ਕੀਤਾ ਗਿਆ। 220 ਕੇਵੀ ਸਬ ਸਟੇਸ਼ਨ ਵਜ਼ੀਰਾਬਾਦ (ਨਵਾਂ) 1ਗ160 ਐਮਵੀਏ, 220/66 ਕੇਵੀ ਟ?ਰਾਂਸਫਾਰਮਰ ਨਾਲ ਚਾਲੂ ਕੀਤਾ ਗਿਆ।220 ਕੇਵੀ ਦੇ 51 ਟ?ਰਾਂਸਫਾਰਮਰਾਂ ਦੀ ਸਮਰੱਥਾ ਵਿੱਚ ਵਾਧਾ ਕੀਤਾ ਗਿਆ ਜਾਂ ਨਵੇਂ ਲਗਾਏ ਗਏ। 132 ਕੇਵੀ / 66 ਕੇਵੀ ਦੇ 61 ਟ?ਰਾਂਸਫਾਰਮਰਾਂ ਦੀ ਸਮਰੱਥਾ ਵਿੱਚ ਵਾਧਾ ਕੀਤਾ ਗਿਆ ਜਾਂ ਨਵੇਂ ਲਗਾਏ ਗਏ।

**ਰਿਵੈਂਪਡ ਡਿਸਟ੍ਰੀਬਿਊਸ਼ਨ ਸੈਕਟਰ ਸਕੀਮ**

ਰਿਵੈਂਪਡ ਡਿਸਟ?ਗੀਬਿਊਸ਼ਨ ਸੈਕਟਰ ਸਕੀਮ (ਆਰ. ਡੀ. ਐਸ. ਐਸ.)ਬਿਜਲੀ ਵੰਡ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਸਮਾਰਟ ਮੀਟਰਿੰਗ ਕੰਮਾਂ ਲਈ 9,563 ਕਰੋੜ ਮਨਜ਼ੂਰ ਕੀਤੇ ਗਏ। ਕੁੱਲ 4,824 ਕਰੋੜ ਦੇ ਕੰਮਾਂ ਦੇ ਟੈਂਡਰ ਜਾਰੀ ਕਰਕੇ ਕੰਮ ਸੌਂਪੇ ਜਾ ਚੁੱਕੇ ਹਨ ਹੁਣ ਤੱਕ 755 ਕਰੋੜ ਦੀ ਰਕਮ ਖਰਚ ਕੀਤੀ ਜਾ ਚੁੱਕੀ ਹੈ। ਪੰਜਾਬ ਦੇ ਇਕ ਕਰੋੜ 17 ਲੱਖ ਤੋਂ ਵੱਧ ਵੱਖ-ਵੱਖ ਸ਼੍ਰੇਣੀਆਂ ਦੇ ਖਪਤਕਾਰਾਂ ਨੂੰ ਪਾਏਦਾਰ ,ਨਿਰਵਿਘਨ ਅਤੇ ਸਸਤੀ ਬਿਜਲੀ ਸਪਲਾਈ ਕਰਾਉਣ ਵਿੱਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ ਦੇ ਸੀ.ਐਮ.ਡੀ. ,ਡਾਇਰੈਕਟਰਜ਼ ਅਤੇ ਦੋਵੇਂ ਕਾਰਪੋਰੇਸ਼ਨਾਂ ਦੇ ਇੰਜੀਨੀਅਰਾਂ ਅਤੇ ਟੈਕਨੀਕਲ ਅਤੇ ਨਾਨ ਟੈਕਨੀਕਲ,ਕਰਮਚਾਰੀਆਂ ਦਾ ਵਡਮੁੱਲਾ ਯੋਗਦਾਨ ਹੈ। ਮੈਂ ਇਕ ਗੱਲ ਪਾਠਕਾਂ ਨਾਲ ਸਾਂਝੀ ਕਰਦਾ ਹਾਂ ਕਿ ਪੀਐਸਪੀਸੀਐਲ ਅਤੇ ਪੀਐਸਟੀਸੀਐਲ ਦੀ ਕਾਰਗੁਜ਼ਾਰੀ ਦਾ ਦੂਸਰੇ ਵਿਭਾਗਾਂ ਨਾਲ ਕਦੇ ਵੀ ਤੁਲਨਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਦੋਵੇਂ ਕਾਰਪੋਰੇਸ਼ਨ ਦੇ ਕਰਮਚਾਰੀ ਮਿਹਨਤ ,ਲਗਨ ਅਤੇ ਕੁਝ ਇੱਕ ਸ਼੍ਰੇਣੀਆਂ ਦੇ ਕਰਮਚਾਰੀ ਤਾਂ ਆਪਣੀ ਜਾਨ ਨੂੰ ਵੀ ਖਤਰੇ ਵਿੱਚ ਪਾ ਕੇ ਅਤੇ ਕੁਝ ਇਕ ਤਾਂ ਆਪਣੀਆਂ ਜਾਨਾਂ ਵੀ ਬਿਜਲੀ ਖਪਤਕਾਰਾਂ ਲਈ ਕੁਰਬਾਨ ਕਰ ਦਿੰਦੇ ਹਨ।

ਪਾਵਰਕਾਮ ਅਤੇ ਟਰਾਂਸਕੋ ਇੱਕ ਅਪ੍ਰੈਲ 2022 ਤੋਂ 12 ਮਾਰਚ 2026 ਤੱਕ ਕੁੱਲ 9593 ਵੱਖ-ਵੱਖ ਸ਼੍ਰੇਣੀਆਂ ਦੀਆਂ ਅਸਾਮੀਆਂ ਵਿਰੁੱਧ ਯੋਗ ਉਮੀਦਵਾਰਾਂ ਨੂੰ ਯੋਗ ਪ੍ਰਣਾਲੀ ਰਾਹੀਂ ਵੱਖ-ਵੱਖ ਸਮਿਆਂ ਤੇ ਨੌਕਰੀਆਂ ਦਿੱਤੀਆਂ ਹਨ ਇਹਨਾਂ ਵਿੱਚ ਪਾਵਰਕੋਮ ਵੱਲੋਂ 814 ਅਤੇ ਟ੍ਰਾਂਸਪੋਰਟ ਵਲੋਂ 1579 ਨੌਕਰੀਆਂ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ 1181 ਅਸਾਮੀਆਂ ਜਿਨਾਂ ਵਿੱਚ ਅਸਿਸਟੈਂਟ ਇੰਜੀਨੀਅਰ ਜੂਨੀਅਰ ਇੰਜੀਨੀਅਰ ਕਲਰਕ ਅਤੇ ਥਰਮਲ ਸਟਾਫ ਦੀ ਭਰਤੀ ਜੂਨ 2020 ਤੱਕ ਕੀਤੀ ਜਾਣੀ ਹੈਇੱਥੇ ਦੱਸਿਆ ਜਾਂਦਾ ਹੈ ਕਿ ਪੰਜਾਬ ਦੇ ਸਾਰੇ ਵਿਭਾਗਾਂ ਵਿੱਚ 65264 ਨੌਕਰੀਆਂ ਦਿੱਤੀਆਂ ਗਈਆਂ ਹਨ। ਜਿਨਾਂ ਵਿੱਚ ਵਿੱਚੋਂ 9593 ਨੌਕਰੀਆਂ ਕੇਵਲ ਦੋਵੇਂ ਬਿਜਲੀ ਵੱਲੋਂ ਦਿੱਤੀਆਂ ਗਈਆਂ ਹਨ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਨੇ ਪਾਵਰ ਡਿਸਟ?ਗੀਬਿਊਸ਼ਨ ਇਕਾਈਆਂ ਦੀ 14ਵੀਂ ਇੰਟੀਗ੍ਰੇਟਡ ਰੇਟਿੰਗ ਵਿੱਚ 1+ ਦਰਜਾ ਪ੍ਰਾਪਤ ਕਰਦੇ ਹੋਏ ਆਪਣਾ ਸਕੋਰ 13ਵੀਂ ਰੇਟਿੰਗ ਦੇ 76.99 (1 ਗ੍ਰੇਡ) ਤੋਂ ਵਧਾ ਕੇ 89.22 ਤੱਕ ਪਹੁੰਚਾ ਲਿਆ ਹੈ। ਇਸ ਪ੍ਰਾਪਤੀ ਨਾਲ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਨੇ ਦੇਸ਼ ਪੱਧਰ 'ਤੇ ਰਾਜ ਮਲਕੀਅਤ ਵਾਲੀਆਂ ਡਿਸਕਾਮਾਂ ਵਿੱਚ ਦੂਜਾ ਸਥਾਨ ਹਾਸਲ ਕੀਤਾ ਹੈ। ਇਹ ਪ੍ਰਾਪਤੀ ਵਿੱਤੀ ਸਥਿਰਤਾ, ਕਾਰਗੁਜ਼ਾਰੀ ਦੀ ਦੱਖਲ, ਭੁਗਤਾਨ ਅਨੁਸ਼ਾਸਨ ਅਤੇ ਖਪਤਕਾਰ-ਕੇਂਦਰਿਤ ਬਿਜਲੀ ਸਪਲਾਈ ਪ੍ਰਣਾਲੀ ਵੱਲ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਦੀ ਮਜ਼ਬੂਤ ਤਰੱਕੀ ਨੂੰ ਦਰਸਾਉਂਦੀ ਹੈ।

ਵਿੱਤੀ ਵਰ੍ਹਾ 2025-26 ਵਿੱਚ ਦਸੰਬਰ 2025 ਤੱਕ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਨੇ ਆਪਣੀ ਵਿੱਤੀ ਸਥਿਤੀ ਹੋਰ ਮਜ਼ਬੂਤ ਕਰਦੇ ਹੋਏ ?4202.85 ਕਰੋੜ ਦਾ ਮੁਨਾਫ਼ਾ ਦਰਜ ਕੀਤਾ ਹੈ।

ਪੰਜਾਬ ਨੇ 5 ਜੁਲਾਈ 2025 ਨੂੰ 16,670 ਮੈਗਾਵਾਟ ਦੀ ਰਿਕਾਰਡ ਪੀਕ ਬਿਜਲੀ ਮੰਗ ਨੂੰ ਸਫਲਤਾਪੂਰਵਕ ਪੂਰਾ ਕੀਤਾ, ਜੋ ਪਿਛਲੇ ਸਾਲ 5 ਜੁਲਾਈ 2024 ਇਸੇ ਦਿਨ ਦਰਜ 14,961 ਮੈਗਾਵਾਟ ਨਾਲੋਂ 11.42% ਵੱਧ ਸੀ। ਇਸ ਨਾਲ 28 ਜੂਨ 2025 ਨੂੰ ਬਣੇ 16,428 ਮੈਗਾਵਾਟ ਦੇ ਪਿਛਲੇ ਰਿਕਾਰਡ ਨੂੰ ਵੀ ਪਾਰ ਕਰ ਲਿਆ ਗਿਆ। ਇਸ ਤੋਂ ਪਹਿਲਾਂ 29 ਜੂਨ 2024 ਨੂੰ 16,058 ਮੈਗਾਵਾਟ ਦੀ ਪੀਕ ਮੰਗ ਦਰਜ ਕੀਤੀ ਗਈ ਸੀ।

ਮਾਨਸੂਨ ਦੇ ਆਗਮਨ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਅਗੇਤੀ ਰੋਪਾਈ ਦੀ ਪਹਿਲ ਅਤੇ ਵਧਦੇ ਤਾਪਮਾਨ ਕਾਰਨ ਬਿਜਲੀ ਦੀ ਮੰਗ ਵਿੱਚ ਤੇਜ਼ ਵਾਧਾ ਹੋਇਆ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੇ ਇਸ ਵਧੀ ਹੋਈ ਮੰਗ ਨੂੰ ਸਫਲਤਾਪੂਰਵਕ ਪੂਰਾ ਕਰਦੇ ਹੋਏ ਜੂਨ 2025 ਵਿੱਚ 9,071 ਮਿਲੀਅਨ ਯੂਨਿਟ ਬਿਜਲੀ ਦੀ ਖਪਤ ਦਰਜ ਕੀਤੀ, ਜੋ ਜੂਨ 2024 ਦੇ 8,678 ਮਿਲੀਅਨ ਯੂਨਿਟ ਨਾਲੋਂ 4.5% ਵੱਧ ਸੀ। ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ ਦਾ ਬਿਜਲੀ ਖੇਤਰ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਹੈ ਬਿਜਲੀ ਖਪਤਕਾਰਾਂ ਨੂੰ ਨਿਰਵਿਘਨ ਅਤੇ ਪਾਏਦਾਰ ਬਿਜਲੀ ਸਪਲਾਈ ਕਰਾਉਣ ਲਈ ਟਰਾਂਸਮਿਸ਼ਨ ਨੈਟਵਰਕ ਦਾ ਵਡਮੁੱਲਾ ਯੋਗਦਾਨ ਹੈ। ਇਸੇ ਹੀ ਲੜੀ ਵਿੱਚ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ ਵੱਲੋਂ ਕੀਤੇ ਯਤਨਾਂ ਸਦਕਾ ਪਾਵਰ ਸਿਸਟਮ ਆਪਰੇਟਿੰਗ ਕਾਰਪੋਰੇਸ਼ਨ ਲਿਮਟਡ ਨੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ ਦੀ ਏ.ਟੀ.ਸੀ./ ਟੀ.ਟੀ.ਸੀ. ਮੁਹੱਈਆ ਟਰਾਂਸਫਰ ਸਮਰੱਥਾ /ਕੁੱਲ ਟਰਾਂਸਫਰ ਸਮਰੱਥਾ ਹੱਦ ਨੂੰ 7400/ 8000 ਤੋਂ ਵਧਾ ਕੇ 10400/10900 ਮੈਗਾਵਾਟ ਕਰ ਦਿੱਤਾ ਗਿਆ ਹੈ।

**ਬਿਜਲੀ ਦੀ ਪੈਦਾਵਾਰ**

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਵੱਲੋਂ ਬਿਜਲੀ ਦੀ ਪੈਦਾਵਾਰ ਵਧਾਉਣ ਲਈ ਵੀ ਯਤਨ ਜਾਰੀ ਹਨ ਇਸੇ ਹੀ ਲੜੀ ਵਿੱਚ ਸ਼ਾਹਪੁਰ ਕੰਡੀ ਬਹੁਮਤਵੀ ਡੈਮ ਪ੍ਰੋਜੈਕਟ ਅਧੀਨ 206 ਮੈਗਾਵਾਟ ਹਾਈਡਲ ਪਾਵਰ ਪ੍ਰੋਜੈਕਟ ਦੀ ਉਸਾਰੀ ਦਾ ਕੰਮ ਜੰਗੀ ਪੱਧਰ ਤੇ ਹੈ ਅਤੇ ਆਸ ਕੀਤੀ ਜਾ ਰਹੀ ਹੈ ਕਿ ਮਈ 2027 ਤੱਕ ਇਹ ਪ੍ਰੋਜੈਕਟ ਬਿਜਲੀ ਦੀ ਪੈਦਾਵਾਰ ਸ਼ੁਰੂ ਕਰ ਦੇਵੇਗਾ।



**ਮਨਮੋਹਨ ਸਿੰਘ**
**ਲੋਕ ਸੰਪਰਕ ਸਲਾਹਕਾਰ, ਉਪ ਸਕੱਤਰ ਲੋਕ ਸੰਪਰਕ (ਸੇਵਾ ਮੁਕਤ),**
**ਪਾਵਰਕਾਮ, ਫੋਨ 8437725172**

# ਸਿਹਤ ਸੰਭਾਲ ਵਿੱਚ ਯੋਗ ਦੀ ਅਗਵਾਈ

**ਡਿਜ਼ਿਟਲ ਪਲੈਟਫਾਰਮਾਂ ਨੇ ਵੀ ਯੋਗ ਦੀ ਪਹੁੰਚ ਨੂੰ ਕਾਫ਼ੀ ਵਧਾਇਆ ਹੈ ਅਤੇ ਸਬੂਤ-ਅਧਾਰਤ ਅਭਿਆਸਾਂ ਨੂੰ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਤੱਕ ਪਹੁੰਚਾਇਆ ਹੈ। ਐੱਮ-ਯੋਗ ਮੋਬਾਈਲ ਐਪਲੀਕੇਸ਼ਨ ਅਤੇ ਵਾਈ-ਬ੍ਰੇਕ ਪ੍ਰੋਟੋਕਾਲ ਵਰਗੀਆਂ ਪਹਿਲਕਦਮੀਆਂ ਦਰਸਾਉਂਦੀਆਂ ਹਨ ਕਿ ਯੋਗ ਨੂੰ ਵੱਡੇ ਪੱਧਰ 'ਤੇ ਕਿਵੇਂ ਪਹੁੰਚਾਇਆ ਜਾ ਸਕਦਾ ਹੈ, ਜਦਕਿ ਇਸ ਦੀ ਹਕੀਕਤ ਅਤੇ ਇਲਾਜ ਸਬੰਧੀ ਮਹੱਤਤਾ ਕਾਇਮ ਰਹਿੰਦੀ ਹੈ।**

ਜ਼ਿਕਰ ਪੰਜਾਬ

ਪਿਛਲੇ ਦਹਾਕੇ ਦੌਰਾਨ ਯੋਗ ਸਿਰਫ਼ ਇੱਕ ਰਵਾਇਤੀ ਸਿਹਤ ਅਭਿਆਸ ਵਜੋਂ ਹੀ ਨਹੀਂ, ਸਗੋਂ ਸਿਹਤ ਅਤੇ ਭਲਾਈ ਲਈ ਇੱਕ ਸਬੂਤ-ਅਧਾਰਤ ਪਹੁੰਚ ਵਜੋਂ ਵੀ ਮਾਨਤਾ ਪ੍ਰਾਪਤ ਕਰ ਚੁੱਕਾ ਹੈ। ਵਿਗਿਆਨਕ ਖੋਜ, ਡਿਜ਼ਿਟਲ ਨਵੀਨਤਾ ਅਤੇ ਆਲਮੀ ਸਹਿਯੋਗ ਹੁਣ ਸਾਨੂੰ ਯੋਗ ਨੂੰ ਸਿਰਫ਼ ਭਾਰਤ ਦੀ ਸੱਭਿਆਚਾਰਕ ਵਿਰਾਸਤ ਵਜੋਂ ਹੀ ਨਹੀਂ, ਸਗੋਂ ਇੱਕ ਤਾਕਤਵਰ ਲੋਕ ਸਿਹਤ ਦਖ਼ਲ ਵਜੋਂ ਵੀ ਸਮਝਣ ਵਿੱਚ ਮਦਦ ਕਰ ਰਹੇ ਹਨ।

ਯੋਗ ਦੇ ਮੋਰਾਰਜੀ ਦੇਸਾਈ ਨੈਸ਼ਨਲ ਇੰਸਟੀਟਿਊਟ (ਐੱਮਡੀਐੱਨਆਈਵਾਈ) ਨੂੰ ਵਿਸ਼ਵ ਸਿਹਤ ਸੰਗਠਨ (ਡਬਲਿਊਐੱਚਓ) ਵੱਲੋਂ ਰਵਾਇਤੀ ਚਿਕਿਤਸਾ (ਯੋਗ) ਲਈ ਸਹਿਯੋਗੀ ਕੇਂਦਰ ਵਜੋਂ ਮਨੋਨੀਤ ਕੀਤਾ ਗਿਆ ਹੈ ਅਤੇ 2025-2029 ਦੀ ਮਿਆਦ ਲਈ ਮੁੜ ਮਨੋਨੀਤ ਕੀਤਾ ਗਿਆ ਹੈ, ਜਿਸ ਨਾਲ ਯੋਗ ਖੋਜ ਵਿੱਚ ਭਾਰਤ ਦੀ ਅਗਵਾਈ ਹੋਰ ਮਜ਼ਬੂਤ ਹੋਈ ਹੈ। ਇਹ ਮਾਨਤਾ ਇਸ ਸੰਸਥਾ ਦੀ ਵਧਦੀ ਭੂਮਿਕਾ ਨੂੰ ਦਰਸਾਉਂਦੀ ਹੈ, ਜੋ ਗੈਰ-ਸੰਕਰਾਮਕ ਬਿਮਾਰੀਆਂ (ਐੱਨਸੀਡੀਜ਼) ਲਈ ਸਬੂਤ-ਅਧਾਰਤ ਯੋਗ ਦਖਲਾਂ ਨੂੰ ਉਤਸ਼ਾਹਿਤ ਕਰ ਰਹੀ ਹੈ। ਇਸ ਯਤਨ ਦੇ ਮੁੱਖ ਸਾਥੀਆਂ ਵਿੱਚ ਆਯੁਸ਼ ਮੰਤਰਾਲਾ, ਏਮਜ਼ ਦਿੱਲੀ, ਲੇਡੀ ਹਾਰਡਿੰਗ ਮੈਡੀਕਲ ਕਾਲਜ, ਸੈਂਟਰਲ ਕੌਂਸਲ ਫਾਰ ਰਿਸਰਚ ਇਨ ਯੂਨਾਨੀ ਮੈਡੀਸਿਨ ਅਤੇ ਇੰਸਟੀਟਿਊਟ ਆਫ ਨਿਊਕਲੀਅਰ ਮੈਡੀਸਿਨ ਐਂਡ ਐਲਾਈਡ ਸਾਇੰਸਜ਼, ਦਿੱਲੀ ਸ਼ਾਮਲ ਹਨ।

ਇਨ੍ਹਾਂ ਸਹਿਯੋਗਾਂ ਰਾਹੀਂ ਕੇਂਦਰ ਤਕਨੀਕੀ ਦਿਸ਼ਾ-ਨਿਰਦੇਸ਼ ਤਿਆਰ ਕਰ ਰਿਹਾ ਹੈ ਅਤੇ ਡਾਇਬਟੀਜ਼, ਮੋਟਾਪਾ ਅਤੇ ਤਣਾਅ-ਸਬੰਧੀ ਰੋਗਾਂ ਵਰਗੀਆਂ ਗੈਰ-ਸੰਕਰਾਮਕ ਬਿਮਾਰੀਆਂ ਲਈ ਯੋਗ-ਅਧਾਰਤ ਦਖਲਾਂ 'ਤੇ ਖੋਜ ਨੂੰ ਅੱਗੇ ਵਧਾ ਰਿਹਾ ਹੈ। ਅੰਤਰਰਾਸ਼ਟਰੀ ਸੰਸਥਾਵਾਂ ਵੀ ਇਨ੍ਹਾਂ ਯਤਨਾਂ ਵਿੱਚ ਸਾਂਝ ਪਾ ਰਹੀਆਂ ਹਨ, ਜਿਸ ਨਾਲ ਯੋਗ ਦੀ ਵਿਗਿਆਨਕ ਬੁਨਿਆਦ ਹੋਰ ਮਜ਼ਬੂਤ ਹੋ ਰਹੀ ਹੈ ਅਤੇ ਇਹ ਦਰਸਾਇਆ ਜਾ ਰਿਹਾ ਹੈ ਕਿ ਯੋਗ ਰੋਕਥਾਮੀ ਸਿਹਤ ਸੰਭਾਲ ਲਈ ਇੱਕ ਵਿਆਪਕ, ਲਾਗਤ-ਪ੍ਰਭਾਵਸ਼ਾਲੀ ਅਤੇ ਸਬੂਤ-ਅਧਾਰਤ ਵਸੀਲਾ ਹੋ ਸਕਦਾ ਹੈ।

ਸੰਸਥਾਗਤ ਪੱਧਰ 'ਤੇ ਐੱਮਡੀਐੱਨਆਈਵਾਈ ਯੋਗ ਦੀ ਵਿਗਿਆਨਕ ਬੁਨਿਆਦ ਨੂੰ ਹੋਰ ਮਜ਼ਬੂਤ ਕਰ ਰਿਹਾ ਹੈ। ਫਿਜ਼ਿਓਲੋਜੀ, ਬਾਇਓਕੈਮਿਸਟਰੀ, ਬਾਇਓਮੈਕੈਨਿਕਸ ਅਤੇ ਮਨੋਵਿਗਿਆਨ ਦੀਆਂ ਖੋਜ ਪ੍ਰਯੋਗਸ਼ਾਲਾਵਾਂ ਰਾਹੀਂ ਇਹ ਸੰਸਥਾ ਯੋਗ ਦੇ ਸਾਇਕੋ-ਫਿਜ਼ੀਓਲੋਜੀਕਲ ਅਤੇ ਬਾਇਓਕੈਮਿਕਲ ਪ੍ਰਭਾਵਾਂ, ਬੁਢਾਪੇ ਵਿੱਚ ਇਸ ਦੀ ਭੂਮਿਕਾ ਅਤੇ ਜੀਵਨ-ਸ਼ੈਲੀ ਨਾਲ ਜੁੜੀਆਂ ਬਿਮਾਰੀਆਂ 'ਤੇ ਇਸ ਦੇ ਪ੍ਰਭਾਵਾਂ ਦਾ ਅਧਿਐਨ ਕਰਦੀ ਹੈ। ਇਹ ਕੰਮ ਭਾਰਤ ਦੀ ਉਸ ਵਚਨਬੱਧਤਾ ਨੂੰ ਦਰਸਾਉਂਦਾ ਹੈ, ਜਿਸ ਤਹਿਤ ਪਰੰਪਰਾਗਤ ਗਿਆਨ ਨੂੰ ਆਧੁਨਿਕ ਵਿਗਿਆਨਕ ਪ੍ਰਮਾਣਿਕਤਾ ਨਾਲ ਜੋੜਿਆ ਜਾ ਰਿਹਾ ਹੈ।

ਡਿਜ਼ਿਟਲ ਪਲੈਟਫਾਰਮਾਂ ਨੇ ਵੀ ਯੋਗ ਦੀ ਪਹੁੰਚ ਨੂੰ ਕਾਫ਼ੀ ਵਧਾਇਆ ਹੈ ਅਤੇ ਸਬੂਤ-ਅਧਾਰਤ ਅਭਿਆਸਾਂ ਨੂੰ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਤੱਕ ਪਹੁੰਚਾਇਆ ਹੈ। ਐੱਮ-ਯੋਗ ਮੋਬਾਈਲ ਐਪਲੀਕੇਸ਼ਨ ਅਤੇ ਵਾਈ-ਬ੍ਰੇਕ ਪ੍ਰੋਟੋਕਾਲ ਵਰਗੀਆਂ ਪਹਿਲਕਦਮੀਆਂ ਦਰਸਾਉਂਦੀਆਂ ਹਨ ਕਿ ਯੋਗ ਨੂੰ ਵੱਡੇ ਪੱਧਰ 'ਤੇ ਕਿਵੇਂ ਪਹੁੰਚਾਇਆ ਜਾ ਸਕਦਾ ਹੈ, ਜਦਕਿ ਇਸ ਦੀ ਹਕੀਕਤ ਅਤੇ ਇਲਾਜ ਸਬੰਧੀ ਮਹੱਤਤਾ ਕਾਇਮ ਰਹਿੰਦੀ ਹੈ। ਵਿਸ਼ਵ ਸਿਹਤ ਸੰਗਠਨ ਨਾਲ ਸਹਿਯੋਗ ਵਿੱਚ ਤਿਆਰ ਕੀਤਾ ਗਿਆ ਐੱਮ-ਯੋਗ ਪਲੈਟਫਾਰਮਾਂ 1.1 ਲੱਖ ਤੋਂ ਵੱਧ ਡਾਊਨਲੋਡ ਦਰਜ ਕਰ ਚੁੱਕਾ ਹੈ, ਜੋ ਪਹੁੰਚਯੋਗ ਡਿਜ਼ਿਟਲ ਸਿਹਤ ਸਾਧਨਾਂ ਵਿੱਚ ਵਧਦੀ ਦਿਲਚਸਪੀ ਨੂੰ ਦਰਸਾਉਂਦਾ ਹੈ। ਇਸੇ ਤਰ੍ਹਾਂ, ਵਰਕਪਲੇਸ ਯੋਗ ਪ੍ਰੋਗਰਾਮ ਵਾਈ-ਬ੍ਰੇਕ —ਜੋ ਕੰਮ ਦੇ ਘੰਟਿਆਂ ਦੌਰਾਨ 5-10 ਮਿੰਟ ਦਾ ਸਧਾਰਣ ਯੋਗ ਬ੍ਰੇਕ ਹੈ—ਤਕਰੀਬਨ 33 ਲੱਖ ਤੋਂ ਵੱਧ ਸਰਕਾਰੀ ਅਧਿਕਾਰੀਆਂ ਨੂੰ ਲਾਭ ਪਹੁੰਚਾ ਚੁੱਕਾ ਹੈ।



ਇਨ੍ਹਾਂ ਪਹਿਲਕਦਮੀਆਂ ਤੋਂ ਮਿਲੇ ਖੋਜ ਨਤੀਜੇ ਅਤੇ ਭਾਗੀਦਾਰੀ ਸਬੰਧੀ ਅੰਕੜੇ ਕਾਫ਼ੀ ਉਤਸ਼ਾਹਜਨਕ ਹਨ। ਨਿਯਮਤ ਵਾਈ-ਬ੍ਰੇਕ ਅਭਿਆਸ ਕਰਨ ਨਾਲ ਕੁਝ ਹਫ਼ਤਿਆਂ ਵਿੱਚ ਮਹਿਸੂਸ ਕੀਤੇ ਜਾਣ ਵਾਲੇ ਤਣਾਅ ਵਿੱਚ 40 ਫੀਸਦੀ ਤੱਕ ਕਮੀ ਦੇਖੀ ਗਈ ਹੈ। ਅਧਿਐਨਾਂ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਮਨੋਵਿਗਿਆਨਕ ਚੁਸਤੀ, ਭਾਵਨਾਤਮਕ ਸਥਿਰਤਾ ਅਤੇ ਫੈਸਲਾ ਕਰਨ ਦੀ ਸਮਰੱਥਾ ਵਿੱਚ ਸੁਧਾਰ ਆਇਆ ਹੈ, ਨਾਲ ਹੀ ਕੋਰਟਿਸੋਲ ਲੈਵਲ ਵਰਗੇ ਫਿਜ਼ੀਓਲੋਜੀਕਲ ਸੰਕੇਤਕਾਂ ਵਿੱਚ ਵੀ ਸਕਾਰਾਤਮਕ ਬਦਲਾਅ ਦਰਜ ਕੀਤੇ ਗਏ ਹਨ।

ਸਰੀਰਕ ਲਾਭਾਂ ਵਿੱਚ ਗਰਦਨ, ਮੋਢਿਆਂ ਅਤੇ ਹੇਠਲੀ ਪਿੱਠ ਦੇ ਦਰਦ ਵਿੱਚ ਕਮੀ, ਸਾਹ-ਸਬੰਧੀ ਅਭਿਆਸਾਂ ਰਾਹੀਂ ਸਾਹ ਲੈਣ ਦੀ ਸਮਰੱਥਾ ਵਿੱਚ ਸੁਧਾਰ ਅਤੇ ਕੁੱਲ ਮਿਲਾ ਕੇ ਊਰਜਾ ਵਿੱਚ ਵਾਧਾ ਸ਼ਾਮਲ ਹੈ—ਇਹ ਨਤੀਜੇ ਖ਼ਾਸ ਤੌਰ 'ਤੇ ਅੱਜ ਦੇ ਬੈਠਕਦਾਰ ਅਤੇ ਸਕ੍ਰੀਨ-ਕੇਂਦ੍ਰਿਤ ਕੰਮਕਾਜੀ ਮਾਹੌਲ ਵਿੱਚ ਬਹੁਤ ਮਹੱਤਵਪੂਰਣ ਹਨ। ਵਾਈ-ਬ੍ਰੇਕ ਨੇ ਗੈਰਹਾਜ਼ਰੀ ਵਿੱਚ ਕਮੀ, ਕਰਮਚਾਰੀਆਂ ਦੇ ਮਨੋਬਲ ਵਿੱਚ ਵਾਧਾ ਅਤੇ ਸਿਹਤਮੰਦ ਕੰਮ ਅਤੇ ਜ਼ਿੰਦਗੀ ਦੇ ਸੰਤੁਲਨ ਵਿੱਚ ਵੀ ਯੋਗਦਾਨ ਪਾਇਆ ਹੈ, ਜੋ ਇਹ ਦਰਸਾਉਂਦਾ ਹੈ ਕਿ ਯੋਗ ਵਿਅਕਤੀਗਤ ਅਤੇ ਸੰਸਥਾਗਤ ਦੋਹਾਂ ਪੱਧਰਾਂ 'ਤੇ ਭਲਾਈ ਨੂੰ ਮਜ਼ਬੂਤ ਕਰ ਸਕਦਾ ਹੈ।

ਵਿਗਿਆਨਕ ਪ੍ਰਮਾਣਿਕਤਾ ਦੀ ਮਹੱਤਤਾ ਨੈਸ਼ਨਲ ਕਾਨਫਰੰਸ ਆਨ ਨੈਚੁਰੋਪੈਥੀ-2026 ਦੌਰਾਨ ਵੀ ਜ਼ੋਰ ਨਾਲ ਉਭਾਰੀ ਗਈ, ਜਿਸ ਦਾ ਆਯੋਜਨ ਐੱਮ ਡੀ ਐੱਨ ਆਈ ਵਾਈ ਅਤੇ ਸੈਂਟਰਲ ਕੌਂਸਲ ਫਾਰ ਰਿਸਰਚ ਇਨ ਯੋਗ ਐਂਡ ਨੈਚੁਰੋਪੈਥੀ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ ਸੀ। ਮਾਹਰਾਂ ਨੇ ਉਜਾਗਰ ਕੀਤਾ ਕਿ ਗੰਭੀਰ ਖੋਜ, ਅੰਤਰ-ਵਿਭਾਗੀ ਸਹਿਯੋਗ ਅਤੇ ਮਜ਼ਬੂਤ ਡਿਜ਼ਿਟਲ ਭਾਗੀਦਾਰੀ ਯੋਗ ਨੂੰ ਆਧੁਨਿਕ ਸਿਹਤ ਪ੍ਰਣਾਲੀਆਂ ਵਿੱਚ ਸ਼ਾਮਲ ਕਰਨ ਅਤੇ ਮਾਪਣਯੋਗ ਸਿਹਤ ਨਤੀਜੇ ਯਕੀਨੀ ਬਣਾਉਣ ਲਈ ਲਾਜ਼ਮੀ ਹਨ।

ਇਹ ਵਿਕਾਸ ਯੋਗ ਬਾਰੇ ਆਲਮੀ ਧਾਰਣਾ ਵਿੱਚ ਇੱਕ ਮਹੱਤਵਪੂਰਣ ਬਦਲਾਅ ਨੂੰ ਦਰਸਾਉਂਦੇ ਹਨ। ਹੁਣ ਯੋਗ ਨੂੰ ਸਿਰਫ਼ ਵਿਅਕਤੀਗਤ ਸਿਹਤ ਅਭਿਆਸ ਵਜੋਂ ਨਹੀਂ ਦੇਖਿਆ ਜਾਂਦਾ, ਸਗੋਂ ਲੋਕ ਸਿਹਤ, ਹੁਨਰ ਵਿਕਾਸ ਅਤੇ ਵੈੱਲਨੈੱਸ-ਅਧਾਰਤ ਰੋਜ਼ਗਾਰ ਮੌਕਿਆਂ ਲਈ ਇੱਕ ਮਾਰਗ ਵਜੋਂ ਵੀ ਮੰਨਿਆ ਜਾ ਰਿਹਾ ਹੈ।



ਪ੍ਰਤਾਪਰਾਓ ਜਾਧਵ

ਪਰੰਪਰਾ ਨੂੰ ਵਿਗਿਆਨ ਅਤੇ ਤਕਨਾਲੋਜੀ ਨਾਲ ਜੋੜ ਕੇ, ਯੋਗ ਆਲਮੀ ਯੋਗ ਕ੍ਰਾਂਤੀ ਦੇ ਪਿੱਛੇ ਇੱਕ ਤਾਕਤਵਰ ਸ਼ਕਤੀ ਵਜੋਂ ਉਭਰ ਰਿਹਾ ਹੈ ਅਤੇ ਅੰਤਰਰਾਸ਼ਟਰੀ ਵੈੱਲਨੈੱਸ ਖੇਤਰ ਵਿੱਚ ਭਾਰਤ ਦੀ ਅਗਵਾਈ ਨੂੰ ਮਜ਼ਬੂਤ ਕਰ ਰਿਹਾ ਹੈ।

13 ਮਾਰਚ ਨੂੰ ਅਸੀਂ ਉਸ 100 ਦਿਨਾਂ ਦੀ ਪੁੱਠੀ ਗਿਣਤੀ ਦੇ ਨੇੜੇ ਪਹੁੰਚ ਰਹੇ ਹਾਂ ਜੋ 21 ਜੂਨ ਨੂੰ ਮਨਾਏ ਜਾਣ ਵਾਲੇ ਅੰਤਰਰਾਸ਼ਟਰੀ ਯੋਗ ਦਿਵਸ ਵੱਲ ਲੈ ਜਾਂਦੀ ਹੈ। ਇਹ ਸਮਾਂ ਇਸ ਗੱਲ 'ਤੇ ਵਿਚਾਰ ਕਰਨ ਦਾ ਮੌਕਾ ਦਿੰਦਾ ਹੈ ਕਿ ਯੋਗ ਕਿਵੇਂ ਇੱਕ ਪ੍ਰਾਚੀਨ ਅਭਿਆਸ ਤੋਂ ਵਿਕਸਿਤ ਹੋ ਕੇ ਸਿਹਤ ਅਤੇ ਭਲਾਈ ਲਈ ਵਿਸ਼ਵ ਪੱਧਰ 'ਤੇ ਮੰਨਿਆ ਗਿਆ ਸਬੂਤ-ਅਧਾਰਤ ਮਾਰਗ ਬਣ ਗਿਆ ਹੈ। ਆਓ, ਇਨ੍ਹਾਂ 100 ਦਿਨਾਂ ਨੂੰ ਰੋਜ਼ਾਨਾ ਯੋਗ ਅਭਿਆਸ ਸ਼ੁਰੂ ਕਰਨ ਜਾਂ ਨਵਿਆਉਣ ਲਈ ਇੱਕ ਹਲਕੀ ਜਿਹੀ ਯਾਦ ਦਿਵਾਈਏ ਅਤੇ ਸਾਡੇ ਪਰਿਵਾਰਾਂ, ਦੋਸਤਾਂ ਅਤੇ ਭਾਈਚਾਰਿਆਂ ਨੂੰ ਯੋਗ ਨੂੰ ਜੀਵਨ ਦਾ ਇੱਕ ਢੰਗ ਬਣਾਉਣ ਲਈ ਪ੍ਰੇਰਿਤ ਕਰੀਏ।

ਯੋਗ ਨੂੰ ਰੋਜ਼ਾਨਾ ਜੀਵਨ ਵਿੱਚ ਸ਼ਾਮਲ ਕਰਕੇ ਅਸੀਂ ਨਾ ਸਿਰਫ਼ ਵਿਅਕਤੀਗਤ ਸਿਹਤ ਨੂੰ ਮਜ਼ਬੂਤ ਕਰਦੇ ਹਾਂ, ਬਲਕਿ ਸਾਂਝੀ ਭਲਾਈ, ਸੰਸਥਾਗਤ ਕਾਰਗੁਜ਼ਾਰੀ ਅਤੇ ਸਮਾਜਿਕ ਸਹਿਜਤਾ ਨੂੰ ਵੀ ਉਤਸ਼ਾਹਿਤ ਕਰਦੇ ਹਾਂ। ਯੋਗ ਦੀ ਸਦੀਵੀ ਗਿਆਨ-ਪਰੰਪਰਾ ਨੂੰ ਵਿਗਿਆਨਕ ਤੌਰ 'ਤੇ ਪ੍ਰਮਾਣਿਤ ਅਤੇ ਸਭ ਲਈ ਪਹੁੰਚਯੋਗ ਆਲਮੀ ਸਿਹਤ, ਸੰਤੁਲਨ ਅਤੇ ਭਲੇ ਦੇ ਮਾਰਗ ਵਿੱਚ ਬਦਲਦੇ ਹੋਏ ਅੱਜ ਖੋਜ, ਤਕਨਾਲੋਜੀ ਅਤੇ ਅੰਤਰਰਾਸ਼ਟਰੀ ਸਹਿਯੋਗ ਰਾਹੀਂ ਭਾਰਤ ਇੱਕ ਹੋਰ ਫ਼ੈਸਲਾਕੁੰਨ ਕਦਮ ਚੁੱਕ ਰਿਹਾ ਹੈ।

**(ਲੇਖਕ ਆਯੁਸ਼ ਮੰਤਰਾਲੇ ਦੇ ਕੇਂਦਰੀ ਰਾਜ ਮੰਤਰੀ (ਸੁਤੰਤਰ ਕਾਰਜਭਾਰ) ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੇ ਕੇਂਦਰੀ ਰਾਜ ਮੰਤਰੀ ਹਨ।)**

# ਨਾਬਾਰਡ ਦੇ ਚੇਅਰਮੈਨ ਨੇ ਐਨਡੀਆਰਆਈ ਦੇ ਵੱਕਾਰੀ ਡਾ. ਕੇ. ਕੇ. ਇਯਾ ਮੈਮੋਰੀਅਲ ਲੈਕਚਰ ਵਿੱਚ ਭਾਰਤ ਦੇ ਕਿਸਾਨਾਂ ਲਈ ਜਲਵਾਯੂ ਬਫਰ ਵਜੋਂ ਡੇਅਰੀ ਦੀ ਭੂਮਿਕਾ ਨੂੰ ਉਜਾਗਰ ਕੀਤਾ

ਜ਼ਿਕਰ ਪੰਜਾਬ

**ਕਰਨਾਲ** – ਆਈਸੀਏਆਰ-ਨੈਸ਼ਨਲ ਡੇਅਰੀ ਰਿਸਰਚ ਇੰਸਟੀਚਿਊਟ (ਐਨਡੀਆਰਆਈ), ਕਰਨਾਲ ਦੇ 22ਵੇਂ ਕਨਵੋਕੇਸ਼ਨ ਨੂੰ ਮਨਾਉਣ ਲਈ ਚੱਲ ਰਹੇ ਅਕਾਦਮਿਕ ਪੰਦਰਵਾੜੇ ਦੇ ਜੀਵੰਤ ਤਿਉਹਾਰਾਂ ਦੇ ਵਿਚਕਾਰ, ਵੱਕਾਰੀ ਡਾ. ਕੇ. ਕੇ. ਇਯਾ ਮੈਮੋਰੀਅਲ ਲੈਕਚਰ ਨੇ ਡਾ. ਡੀ. ਸੁੰਦਰੇਸਨ ਆਡੀਟੋਰੀਅਮ ਨੂੰ ਰੌਸ਼ਨ ਕੀਤਾ। ਸਮਾਰੋਹ ਦੀ ਪ੍ਰਧਾਨਗੀ ਕਰਦੇ ਹੋਏ, ਐਨਡੀਆਰਆਈ ਦੇ ਡਾਇਰੈਕਟਰ ਡਾ. ਧੀਰ ਸਿੰਘ ਨੇ ਮੁੱਖ ਮਹਿਮਾਨ, ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਦੇ ਚੇਅਰਮੈਨ ਡਾ. ਸ਼ਾਜੀ ਕ੍ਰਿਸ਼ਨਨ ਵੀ. ਦਾ ਨਿੱਘਾ ਸਵਾਗਤ ਕੀਤਾ। ਐਨਡੀਆਰਆਈ ਦੇ ਦੂਰਦਰਸ਼ੀ ਡਾਇਰੈਕਟਰ (1957-1965), ਭਾਰਤ ਸਰਕਾਰ ਦੇ ਸਾਬਕਾ ਡੇਅਰੀ ਵਿਕਾਸ ਸਲਾਹਕਾਰ, ਆਈਸੀਏਆਰ ਦੇ ਡਿਪਟੀ ਡਾਇਰੈਕਟਰ ਜਨਰਲ, ਅਤੇ ਐਫਏਓ ਮਾਹਰ, ਡਾ. ਕੇ. ਕੇ. ਇਯਾ ਨੂੰ ਰਵਾਇਤੀ ਦੀਵੇ ਜਗਾਉਣ ਅਤੇ ਫੁੱਲਾਂ ਦੀ ਭੇਟ ਚੜ੍ਹਾ ਕੇ ਸ਼ਰਧਾਂਜਲੀ ਦਿੱਤੀ ਗਈ।

ਜਲਵਾਯੂ ਜੋਖਮ ਅਤੇ ਪੇਂਡੂ ਰੋਜ਼ੀ-ਰੋਟੀ: ਡੇਅਰੀ ਨੂੰ ਛੋਟੇ ਕਿਸਾਨਾਂ ਲਈ ਇੱਕ ਮਜ਼ਬੂਤ ਸਹਾਰਾ ਬਣਾਉਣਾ ਵਿਸ਼ੇ 'ਤੇ ਆਪਣੇ ਪ੍ਰਭਾਵਸ਼ਾਲੀ ਭਾਸ਼ਣ ਵਿੱਚ, ਡਾ. ਕ੍ਰਿਸ਼ਨਨ ਨੇ ਇੱਕ ਆਸ਼ਾਵਾਦੀ ਤਸਵੀਰ ਖਿੱਚੀ, ਭਾਰਤ ਦੀ ਡੇਅਰੀ ਕ੍ਰਾਂਤੀ ਨੂੰ ਲੱਖਾਂ ਪੇਂਡੂ ਪਰਿਵਾਰਾਂ ਲਈ ਲਚਕੀਲੇਪਣ ਦੇ ਪ੍ਰਤੀਕ ਵਜੋਂ ਪੇਸ਼ ਕੀਤਾ। ਉਨ੍ਹਾਂ ਨੇ ਦੁਨੀਆ ਦੇ ਸਭ ਤੋਂ ਵੱਡੇ ਦੁੱਧ ਉਤਪਾਦਕ ਵਜੋਂ ਭਾਰਤ ਦੇ ਤੇਜ਼ ਵਾਧੇ ਨੂੰ ਉਜਾਗਰ ਕੀਤਾ, ਜੋ ਸਾਲਾਨਾ 248 ਮਿਲੀਅਨ ਟਨ ਦੁੱਧ ਪੈਦਾ ਕਰਦਾ ਹੈ ਅਤੇ ਵਿਸ਼ਵ ਉਤਪਾਦਨ ਦਾ 25% ਬਣਦਾ ਹੈ। 2014-25 ਦੌਰਾਨ 5.7% ਦੀ ਸਥਿਰ ਸਾਲਾਨਾ ਵਿਕਾਸ ਦਰ ਨਾਲ ਉਤਪਾਦਨ ਵਿੱਚ 69% ਵਾਧੇ ਦੁਆਰਾ ਸੰਚਾਲਿਤ ਇਸ ਸ਼ਾਨਦਾਰ ਵਾਧੇ ਨੇ ਪ੍ਰਤੀ ਵਿਅਕਤੀ ਦੁੱਧ ਦੀ ਉਪਲਬਧਤਾ 48% ਵਧਾ ਕੇ 485 ਗ੍ਰਾਮ ਪ੍ਰਤੀ ਦਿਨ ਕਰ ਦਿੱਤੀ ਹੈ, ਜੋ ਕਿ 1950-51 ਵਿੱਚ ਸਿਰਫ਼ 124 ਗ੍ਰਾਮ ਸੀ।

ਡਾ. ਕ੍ਰਿਸ਼ਨਨ ਨੇ ਭਾਰਤ ਦੀ ਸਫਲਤਾ ਦਾ ਸਿਹਰਾ ਰਾਸ਼ਟਰੀ ਡੇਅਰੀ ਵਿਕਾਸ ਬੋਰਡ (©442) ਅਤੇ ਭਾਰਤ ਦੀ ਚਿੱਟੀ ਕ੍ਰਾਂਤੀ ਦੇ ਪਿਤਾ ਡਾ. ਵਰਗੀਸ ਕੁਰੀਅਨ ਦੁਆਰਾ ਸ਼ੁਰੂ ਕੀਤੇ ਗਏ ਪਰਿਵਰਤਨਸ਼ੀਲ ਆਪ੍ਰੇਸ਼ਨ ਫਲੱਡ (1970-96) ਨੂੰ ਦਿੱਤਾ। ਕ੍ਰਿਸ਼ਨਨ ਨੇ ਇਸ ਸੈਕਟਰ ਦੇ ਵਿਸ਼ਾਲ ਨੈੱਟਵਰਕ ਬਾਰੇ ਵਿਸਥਾਰ ਵਿੱਚ ਦੱਸਿਆ: 22 ਦੁੱਧ ਯੂਨੀਅਨਾਂ, 240 ਜ਼ਿਲ੍ਹਾ ਯੂਨੀਅਨਾਂ, 1.5 ਲੱਖ ਸਹਿਕਾਰੀ ਸਭਾਵਾਂ 230,000 ਪਿੰਡਾਂ ਵਿੱਚ ਫੈਲੀਆਂ ਹੋਈਆਂ ਹਨ, ਅਤੇ 18 ਮਿਲੀਅਨ ਕਿਸਾਨ ਮੈਂਬਰ, ਜਿਨ੍ਹਾਂ ਵਿੱਚ 35% ਔਰਤਾਂ ਸ਼ਾਮਲ ਹਨ, ਜੋ 48,000 ਪਿੰਡ-ਪੱਧਰੀ ਕਮੇਟੀਆਂ ਦੀ ਅਗਵਾਈ ਕਰਦੀਆਂ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ, ÷ਡੇਅਰੀ ਸਿਰਫ਼ ਇੱਕ ਉਦਯੋਗ ਨਹੀਂ ਹੈ; ਇਹ ਪੇਂਡੂ ਭਾਰਤ ਦੀ ਰੀੜ੍ਹ ਦੀ ਹੱਡੀ ਹੈ, ਜੋ GDP ਵਿੱਚ 5% ਯੋਗਦਾਨ ਪਾਉਂਦੀ ਹੈ, 80 ਮਿਲੀਅਨ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਦਿੰਦੀ ਹੈ, ਅਤੇ ਸਾਲਾਨਾ 6% ਦੀ ਦਰ ਨਾਲ ਵਧਦੀ ਹੈ। ਇਸਦੀ ਸਥਿਰ, ਚੱਕਰ-ਵਿਰੋਧੀ ਆਮਦਨ ਫਸਲਾਂ ਦੀ ਅਸਫਲਤਾ, ਸੋਕੇ, ਹੜ੍ਹਾਂ ਅਤੇ ਬਾਜ਼ਾਰ ਦੇ ਉਤਰਾਅ-ਚੜ੍ਹਾਅ ਦੌਰਾਨ ਇੱਕ ਵਿੱਤੀ ਸੁਰੱਖਿਆ ਜਾਲ ਵਜੋਂ ਕੰਮ ਕਰਦੀ ਹੈ, ਪਰਿਵਾਰਾਂ ਨੂੰ ਉਨ੍ਹਾਂ ਦੀਆਂ ਜ਼ਰੂਰੀ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਦੀ ਹੈ।

ਜਲਵਾਯੂ-ਸੰਬੰਧੀ ਜੋਖਮਾਂ 'ਤੇ ਚਰਚਾ ਕਰਦੇ ਹੋਏ, ਡਾ. ਕ੍ਰਿਸ਼ਨਨ ਨੇ ਕਠੋਰ ਹਕੀਕਤਾਂ ਨੂੰ ਸਵੀਕਾਰ ਕੀਤਾ: ਵਧਦਾ ਤਾਪਮਾਨ, ਅਨਿਯਮਿਤ ਮਾਨਸੂਨ, ਸੋਕਾ ਅਤੇ ਹੜ੍ਹ ਖੇਤੀਬਾੜੀ ਨੂੰ ਖ਼ਤਰਾ ਬਣਾਉਂਦੇ ਹਨ, ਜਿਸ ਨਾਲ 2040 ਤੱਕ ਫਸਲਾਂ ਦੀ ਪੈਦਾਵਾਰ ਵਿੱਚ 4.5-9% ਦੀ ਗਿਰਾਵਟ (GDP ਦਾ 1.8% ਦਾ ਨੁਕਸਾਨ) ਹੋ ਸਕਦਾ ਹੈ ਅਤੇ ਬੈਂਕਾਂ ਨੂੰ £1.4 ਟ੍ਰਿਲੀਅਨ ਦੇ ਜੋਖਮਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। 86% ਛੋਟੇ ਅਤੇ ਸੀਮਾਂਤ ਕਿਸਾਨਾਂ ਲਈ, ਪ੍ਰਭਾਵਾਂ ਵਿੱਚ ਗਰਮੀ ਦੇ ਤਣਾਅ ਕਾਰਨ ਦੁੱਧ ਉਤਪਾਦਨ ਅਤੇ ਉਪਜਾਊ ਸ਼ਕਤੀ ਵਿੱਚ 10-30% ਦੀ ਕਮੀ, ਸੁੰਗੜਦੇ ਚਰਾਗਾਹਾਂ ਕਾਰਨ ਚਾਰੇ ਦੀ ਘਾਟ, ਪਾਣੀ ਦੀ ਕਮੀ ਕਾਰਨ ਗੰਢੀ ਚਮੜੀ ਦੀ ਬਿਮਾਰੀ ਅਤੇ ਮਾਸਟਾਈਟਸ ਵਰਗੀਆਂ ਬਿਮਾਰੀਆਂ ਵਿੱਚ ਵਾਧਾ, ਅਤੇ ਸਪਲਾਈ ਚੇਨਾਂ ਵਿੱਚ ਵਿਘਨ ਸ਼ਾਮਲ ਹਨ। ਫਿਰ ਵੀ, ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਡੇਅਰੀ ਉਦਯੋਗ ਦੀ ਸੰਭਾਵਨਾ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਹੀ ਹੈ, ਜੋ ਪੇਂਡੂ ਗਰੀਬਾਂ ਲਈ 5% ਸਾਲਾਨਾ ਆਮਦਨ ਦੇ ਨੁਕਸਾਨ ਨੂੰ ਸੰਭਾਵੀ ਤੌਰ 'ਤੇ ਘਟਾਉਂਦੀ ਹੈ ਅਤੇ ਪ੍ਰਵਾਸ ਨੂੰ ਰੋਕਦੀ ਹੈ।

ਡਾ. ਕ੍ਰਿਸ਼ਨਨ ਨੇ ਜਲਵਾਯੂ-ਲਚਕੀਲੇ ਡੇਅਰੀ ਪ੍ਰਣਾਲੀਆਂ ਦੇ ਨਿਰਮਾਣ ਵਿੱਚ ਨਾਬਾਰਡ ਦੀ ਸਰਗਰਮ ਅਗਵਾਈ ਦਾ ਸਮਰਥਨ ਕੀਤਾ। ਮੁੱਖ ਪਹਿਲਕਦਮੀਆਂ ਵਿੱਚ 29,110 ਕਰੋੜ ਡੇਅਰੀ ਬੁਨਿਆਦੀ ਢਾਂਚਾ ਵਿਕਾਸ ਫੰਡ (4946) ਅਤੇ ਪਸ਼ੂ ਪਾਲਣ ਬੁਨਿਆਦੀ ਢਾਂਚਾ ਵਿਕਾਸ ਫੰਡ (18946) ਸ਼ਾਮਲ ਹਨ, ਜਿਨ੍ਹਾਂ ਨੇ 10.69 ਮਿਲੀਅਨ ਲੀਟਰ ਪ੍ਰਤੀ ਦਿਨ (MLPD) ਪ੍ਰੋਸੈਸਿੰਗ ਸਮਰੱਥਾ, 265 ਮੀਟ੍ਰਿਕ ਟਨ ਪ੍ਰਤੀ ਦਿਨ ਦੁੱਧ ਪਾਊਡਰ ਪਲਾਂਟ, ਅਤੇ 113 ਬਲਕ ਦੁੱਧ ਕੂਲਰ ਸ਼ਾਮਲ ਕੀਤੇ ਹਨ।

ਨਾਬਾਰਡ ਨੇ 600 ਦੁੱਧ ਉਤਪਾਦਕ ਸੰਗਠਨਾਂ (FPOs) ਨੂੰ ਉਤਸ਼ਾਹਿਤ ਕੀਤਾ ਹੈ, ਪਸ਼ੂਆਂ ਰਾਹੀਂ ਕੁਦਰਤੀ ਖੇਤੀ ਅਤੇ ਪੌਸ਼ਟਿਕ ਤੱਤਾਂ ਦੀ ਸਾਈਕਲਿੰਗ ਲਈ JIVA ਪ੍ਰੋਜੈਕਟ ਸ਼ੁਰੂ ਕੀਤਾ ਹੈ, ਡੇਅਰੀ ਨੂੰ ਕਬਾਇਲੀ ਬਾਗਬਾਨੀ ਪ੍ਰਣਾਲੀਆਂ (ਜਿਵੇਂ ਕਿ ਹਰਿਦੁਆਰ ਵਿੱਚ ਬਕਸਾ ਪ੍ਰਾਈਵੇਟ ਪ੍ਰੋਜੈਕਟ) ਵਿੱਚ ਏਕੀਕ੍ਰਿਤ ਕੀਤਾ ਹੈ, ਅਤੇ ਪੇਂਡੂ ਉੱਦਮਾਂ ਲਈ LEDP ਦਾ ਸਮਰਥਨ ਕੀਤਾ ਹੈ। ਦੁਆਰ ਈ-ਡੇਅਰੀ ਦੇ ਬਾਇਓਮੈਟ੍ਰਿਕ ਜਾਨਵਰਾਂ ਦੀ ਪਛਾਣ, ਸਿਹਤ ਸਕੋਰਿੰਗ, ਅਤੇ ਬੀਮਾ ਵਰਗੀਆਂ ਡਿਜੀਟਲ ਤਰੱਕੀਆਂ ਨੇ ਆਮਦਨ ਨੂੰ ਸਥਿਰ ਕੀਤਾ ਹੈ, ਜਦੋਂ ਕਿ RIDF ਠੰਢਕ ਕੇਂਦਰਾਂ, ਟੀਕਿਆਂ ਅਤੇ ਸੜਕਾਂ ਨੂੰ ਫੰਡ ਦਿੰਦਾ ਹੈ।

ਅੱਗੇ ਦੇਖਦੇ ਹੋਏ, ਡਾ. ਕ੍ਰਿਸ਼ਨਨ ਨੇ ਇੱਕ ਗਤੀਸ਼ੀਲ ਭਵਿੱਖ ਦੀ ਕਲਪਨਾ ਕੀਤੀ: ਜੀਨੋਮਿਕਸ ਦੁਆਰਾ ਗਰਮੀ-ਸਹਿਣਸ਼ੀਲ ਨਸਲਾਂ, ਮੀਥੇਨ-ਘਟਾਉਣ ਵਾਲੀ ਫੀਡ, ਅਸਲ-ਸਮੇਂ ਦੀ ਸਿਹਤ ਨਿਗਰਾਨੀ ਅਤੇ ਟਰੇਸੇਬਿਲਟੀ ਲਈ ਸੂਚਨਾ ਤਕਨਾਲੋਜੀ, ਹਾਈਡ?ਰੋਪੋਨਿਕ ਫੀਡ, ਅਤੇ ਨੀਤੀਆਂ ਜੋ ਪਸ਼ੂਆਂ ਨੂੰ ਜਲਵਾਯੂ ਯੋਜਨਾਵਾਂ ਵਿੱਚ ਸ਼ਾਮਲ ਕਰਦੀਆਂ ਹਨ – ਜਿਸ ਵਿੱਚ ਸੂਰਜੀ ਕੂਲਿੰਗ, ਇੰਡੈਕਸਡ ਬੀਮਾ, ਹਰਾ ਵਿੱਤ, ਅਤੇ ਔਰਤਾਂ ਅਤੇ ਨੌਜਵਾਨਾਂ ਦੀ ਅਗਵਾਈ ਵਾਲੇ ਸਮੂਹਾਂ ਲਈ ਪ੍ਰੋਤਸਾਹਨ ਸ਼ਾਮਲ ਹਨ। ਉਨ੍ਹਾਂ ਕਿਹਾ, "NDRI ਨਾਲ ਸਾਂਝੇਦਾਰੀ ਵਿੱਚ, ਨਾਬਾਰਡ ਛੋਟੇ-ਧਾਰਕ-ਕੇਂਦ੍ਰਿਤ, ਘੱਟ-ਨਿਕਾਸ ਵਾਲੇ ਡੇਅਰੀ ਫਾਰਮਾਂ ਵਿੱਚ ਇੱਕ ਮੋਹਰੀ ਭੂਮਿਕਾ ਨਿਭਾਏਗਾ – ਚੁਣੌਤੀਆਂ ਨੂੰ ਸਥਿਰਤਾ ਅਤੇ ਇਕੁਇਟੀ ਦੇ ਗਲੋਬਲ ਮਾਡਲਾਂ ਵਿੱਚ ਬਦਲੇਗਾ। ਸੰਯੁਕਤ ਨਿਰਦੇਸ਼ਕ (ਅਕਾਦਮਿਕ), ਡਾ. ਅਸ਼ੀਸ਼ ਕੁਮਾਰ ਸਿੰਘ ਨੇ ਰਾਸ਼ਟਰੀ ਡੇਅਰੀ ਮੇਲੇ ਦੀ ਸਫਲਤਾ ਵਿੱਚ ਨਾਬਾਰਡ ਦੇ ਮਹੱਤਵਪੂਰਨ ਯੋਗਦਾਨ ਦੀ ਸ਼ਲਾਘਾ ਕੀਤੀ। ਡਾ. ਏ.ਕੇ. ਸਿੰਘ ਨੇ ਦੱਸਿਆ ਕਿ ਇਹ ਐਨ.ਡੀ.ਆਰ.ਆਈ. ਭਾਸ਼ਣ ਪੁਰਸਕਾਰ ਹਰ ਸਾਲ ਸਾਡੇ ਐਨ.ਡੀ.ਆਰ.ਆਈ. ਦੇ ਅਨੁਭਵੀ ਅਤੇ ਮਹਾਨ ਨਿਰਦੇਸ਼ਕ, ਡਾ. ਕੇ.ਕੇ. ਇਯਾ ਦੀ ਯਾਦ ਵਿੱਚ ਇੱਕ ਵਿਸ਼ੇਸ਼ ਵਿਅਕਤੀ ਨੂੰ ਦਿੱਤਾ ਜਾਂਦਾ ਹੈ। ਪੁਰਸਕਾਰ ਵਿੱਚ ਇੱਕ ਯਾਦਗਾਰੀ ਚਿੰਨ੍ਹ, ਪ੍ਰਸ਼ੰਸਾ ਪੱਤਰ, ਪ੍ਰਸ਼ੰਸਾ ਪੱਤਰ ਅਤੇ ਸਨਮਾਨ ਰਾਸ਼ੀ ਸ਼ਾਮਲ ਹੈ।



# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਵਿਸ਼ੇਸ਼ ਕੈਂਪਾਂ ਦਾ ਆਯੋਜਨ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਦੀ ਅਗਵਾਈ ਅਤੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਲਕਾ ਲੁਧਿਆਣਾ ਕੇਂਦਰੀ ਵਿਖੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਲਾਭਪਾਤਰੀਆਂ ਦੇ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਉੱਚ ਗੁਣਵੱਤਾ ਵਾਲੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਗਈ ਹੈ। ਇਸ ਯੋਜਨਾ ਅਧੀਨ ਰਾਜ ਦੇ ਹਰ ਯੋਗ ਪਰਿਵਾਰ ਨੂੰ ਪ੍ਰਤੀ ਸਾਲ 10 ਲੱਖ ਤੱਕ ਦਾ ਕੈਸ਼ਲੈੱਸ ਇਲਾਜ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਉਪਲਬਧ ਕਰਵਾਇਆ ਜਾ ਰਿਹਾ ਹੈ। ਇਸ ਯੋਜਨਾ ਦਾ ਮੁੱਖ ਉਦੇਸ਼ ਗਰੀਬ ਅਤੇ ਮੱਧ ਵਰਗ ਪਰਿਵਾਰਾਂ ਨੂੰ ਵੱਡੇ ਇਲਾਜੀ ਖਰਚਿਆਂ ਤੋਂ ਰਾਹਤ ਦੇਣਾ ਹੈ। ਯੋਗ ਲਾਭਪਾਤਰੀ ਆਪਣਾ ਸਿਹਤ ਕਾਰਡ ਨਜ਼ਦੀਕੀ ਸੇਵਾ ਕੇਂਦਰ, ਸਿਹਤ ਕੇਂਦਰ ਜਾਂ ਸਰਕਾਰ ਵੱਲੋਂ ਲੋਕਾਂ ਦੀ ਸਹੂਲਤ ਲਈ ਲਗਾਏ

**■ ਲਾਭਪਾਤਰੀਆਂ ਵੱਲੋਂ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਦਿਆਂ ਕਾਰਡ ਬਣਾਏ ਗਏ**

ਜਾ ਰਹੇ ਸਪੈਸ਼ਲ ਕੈਂਪਾਂ ਤੋਂ ਬਣਵਾ ਸਕਦੇ ਹਨ। ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਗਲਾਡਾ ਵੱਲੋਂ ਬੀਤੇ ਦਿਨੀਂ ਹਲਕੇ ਵਿੱਚ ਵੱਖ-ਵੱਖ ਥਾਵਾਂ ਜਿਵੇਂ ਕਿ ਡੀ.ਡੀ. ਜੈਨ ਕਾਲਜ; ਸਿਵਲ ਹਸਪਤਾਲ; ਸਿਲਵਰ ਸਪੋਰਟਸ ਕਾਨਵੈਂਟ ਸਕੂਲ; ਨਗਰ ਨਿਗਮ ਦਫਤਰ ਜ਼ੋਨ-ਬੀ; ਗਲਾਡਾ ਦਫਤਰ; ਗੁਰਦੁਆਰਾ ਗੁਰੂ ਨਾਨਕ ਸੇਵਕ ਸਿੰਘ ਸਭਾ ਅਤੇ ਸ਼ਾਹਤਲਾਈ ਮੰਦਿਰ ਵਿਖੇ ਲਾਭਪਾਤਰੀਆਂ ਦੇ ਸਿਹਤ ਕਾਰਡ ਬਣਾਉਣ ਲਈ ਕੈਂਪ ਲਗਾਏ ਗਏ। ਉਪਰੋਕਤ ਸਥਾਨਾਂ 'ਤੇ ਆਪਣੀ ਰਜਿਸਟਰੇਸ਼ਨ ਕਰਵਾਉਣ ਲਈ ਵੱਡੀ ਗਿਣਤੀ ਵਿੱਚ ਲਾਭਪਾਤਰੀ ਇਕੱਠੇ ਹੋਏ, ਜਿਸ ਨਾਲ ਸਰਕਾਰ ਦੀ ਸਿਹਤ ਸਬੰਧੀ ਵਚਨਬੱਧਤਾ ਨੂੰ ਲੋਕਾਂ ਵੱਲੋਂ ਮਿਲੇ ਮਜ਼ਬੂਤ ਸਮਰਥਨ ਦਾ ਪ੍ਰਗਟਾਵਾ ਹੁੰਦਾ ਹੈ। ਨਿਵਾਸੀਆਂ ਨੇ ਯੋਜਨਾ ਅਧੀਨ ਨਗਦ ਰਹਿਤ ਮੈਡੀਕਲ ਬੀਮਾ ਲਾਭ ਪ੍ਰਾਪਤ ਕਰਨ ਲਈ ਉਤਸ਼ਾਹ ਨਾਲ ਭਾਗ ਲਿਆ। ਅਧਿਕਾਰੀਆਂ ਨੇ ਰਜਿਸਟਰੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਬਣਾਇਆ ਅਤੇ ਬਿਨੈਕਾਰਾਂ ਦੀ ਹਰ ਪੜਾਅ 'ਤੇ ਸਹਾਇਤਾ ਕੀਤੀ। ਇਨ੍ਹਾਂ ਕੈਂਪਾਂ ਰਾਹੀਂ ਰਾਜ ਦੇ ਨਿਵਾਸੀਆਂ ਨੂੰ ਸੌਖੀਆਂ ਅਤੇ ਕਿਫਾਇਤੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸਰਕਾਰ ਦੀ ਵਚਨਬੱਧਤਾ ਬਾਰੇ ਜਾਗਰੂਕਤਾ ਵਧੀ ਹੈ। ਇਨ੍ਹਾਂ ਕੈਂਪਾਂ ਦੌਰਾਨ 7000 ਤੋਂ ਵੱਧ ਲੋਕਾਂ ਨੇ ਹਿੱਸਾ ਲੈ ਕੇ ਆਪਣੇ ਸਿਹਤ ਕਾਰਡ ਬਣਵਾਏ ਅਤੇ ਯੋਜਨਾ ਦੇ ਲਾਭਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਪ੍ਰਸ਼ਾਸਨ ਵੱਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਆਪਣੀ ਸਿਹਤ ਸੁਰੱਖਿਆ ਯਕੀਨੀ ਬਣਾਉਣ।

# ਯੂਆਈਡੀਏਆਈ ਨੇ ਆਧਾਰ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ ਬੱਗ ਬਾਊਂਟੀ ਪ੍ਰੋਗਰਾਮ ਸ਼ੁਰੂ ਕੀਤਾ

ਜ਼ਿਕਰ ਪੰਜਾਬ

**ਨਵੀਂ ਦਿੱਲੀ/ਬਿਊਰੋ**

ਯੂਨੀਕ ਆਈਡੈਂਟੀਫਿਕੇਸ਼ਨ ਅਥਾਰਟੀ ਆਫ ਇੰਡੀਆ (ਯੂਆਈਡੀਏਆਈ) ਨੇ ਆਧਾਰ ਸਿਸਟਮ ਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ ਆਪਣਾ ਪਹਿਲਾ ਸੰਗਠਿਤ ਬੱਗ ਬਾਊਂਟੀ ਪ੍ਰੋਗਰਾਮ ਲਾਂਚ ਕੀਤਾ ਹੈ। ਇਹ ਪ੍ਰੋਗਰਾਮ ਸਾਈਬਰਸੁਰੱਖਿਆ ਮਾਹਿਰਾਂ ਨੂੰ ਯੂਆਈਡੀਏਆਈ ਦੇ ਕੁਝ ਮੁੱਖ ਡਿਜੀਟਲ ਪਲੈਟਫਾਰਮਾਂ ਵਿੱਚ ਸੰਭਾਵਿਤ ਕਮਜ਼ੋਰੀਆਂ ਦੀ ਖੋਜ ਕਰਨ ਦੀ ਇਜਾਜ਼ਤ ਦਿੰਦਾ ਹੈ। ਜੇਕਰ ਉਹ ਅਸਲ ਸੁਰੱਖਿਆ ਖਾਮੀਆਂ ਲੱਭਦੇ ਹਨ ਅਤੇ ਉਨ੍ਹਾਂ ਨੂੰ ਜ਼ਿੰਮੇਵਾਰੀ ਨਾਲ ਰਿਪੋਰਟ ਕਰਦੇ ਹਨ, ਤਾਂ ਉਨ੍ਹਾਂ ਨੂੰ ਸਮੱਸਿਆ ਦੀ ਗੰਭੀਰਤਾ ਅਨੁਸਾਰ ਇਨਾਮ ਮਿਲੇਗਾ। 20 ਤਜਰਬੇਕਾਰ ਸੁਰੱਖਿਆ ਖੋਜਕਰਤਾਵਾਂ ਅਤੇ ਏਥੀਕਲ ਹੈਕਰਾਂ ਦਾ ਇੱਕ ਪੈਨਲ ਇਸ ਮੁਹਿੰਮ ਵਿੱਚ ਹਿੱਸਾ ਲੈਣ ਲਈ ਚੁਣਿਆ ਗਿਆ ਹੈ। ਉਹ ਯੂਆਈਡੀਏਆਈ ਦੇ ਡਿਜੀਟਲ ਐਸੈੱਟਸ ਜਿਵੇਂ ਯੂਆਈਡੀਏਆਈ ਅਧਿਕਾਰਤ ਵੈੱਬਸਾਈਟ, ਮਾਈਆਧਾਰ ਪੋਰਟਲ ਅਤੇ ਸੁਰੱਖਿਅਤ ਕਿਊਆਰ ਕੋਡ ਐਪਲੀਕੇਸ਼ਨ ਦੀ ਜਾਂਚ ਕਰਨਗੇ। ਖੋਜਕਰਤਾ ਇਨ੍ਹਾਂ ਸਿਸਟਮਾਂ ਵਿੱਚ ਕ੍ਰਿਟੀਕਲ, ਹਾਈ, ਮੀਡੀਅਮ ਅਤੇ ਘੱਟ ਜੋਖ਼ਮ ਵਾਲੀਆਂ ਸ਼੍ਰੇਣੀਆਂ ਵਿੱਚ

**■ 20 ਤਜਰਬੇਕਾਰ ਸੁਰੱਖਿਆ ਖੋਜਕਰਤਾਵਾਂ ਅਤੇ ਏਥੀਕਲ ਹੈਕਰਾਂ ਨੂੰ ਇਸ ਮੁਹਿੰਮ ਵਿੱਚ ਹਿੱਸਾ ਲੈਣ ਲਈ ਚੁਣਿਆ ਗਿਆ**

ਆਉਣ ਵਾਲੀਆਂ ਕਮਜ਼ੋਰੀਆਂ ਦੀ ਜਾਂਚ ਕਰਨਗੇ। ਖੋਜੀ ਗਈ ਸਮੱਸਿਆ ਦੀ ਗੰਭੀਰਤਾ ਅਨੁਸਾਰ ਉਨ੍ਹਾਂ ਨੂੰ ਉਚਿਤ ਇਨਾਮ ਮਿਲੇਗਾ। ਯੂਆਈਡੀਏਆਈ ਇਸ ਪ੍ਰੋਗਰਾਮ ਨੂੰ ਸਾਈਬਰਸੁਰੱਖਿਆ ਸਾਲਿਊਸ਼ਨ ਪ੍ਰਦਾਤਾ ਐਮ/ਐੱਸ ਕੋਮੋਲਹੋ ਆਈਟੀ ਪ੍ਰਾਈਵੇਟ ਲਿਮਟੇਡ ਨਾਲ ਸਾਂਝੇਦਾਰੀ ਵਿੱਚ ਚਲਾ ਰਿਹਾ ਹੈ। ਯੂਆਈਡੀਏਆਈ ਦਾ ਮੰਨਣਾ ਹੈ ਕਿ ਅੱਜ ਦੇ ਡਿਜੀਟਲ ਸੰਸਾਰ ਵਿੱਚ ਜਾਣਕਾਰੀ ਸੁਰੱਖਿਆ ਬਹੁਤ ਮਹੱਤਵਪੂਰਨ ਹੈ, ਅਤੇ ਯੂਆਈਡੀਏਆਈ ਲੋਕਾਂ ਦੇ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਆਪਣੇ ਡਿਜੀਟਲ ਅਸੈੱਟਸ ਨੂੰ ਸੁਧਾਰਨ ਵਿੱਚ ਲਗਾਤਾਰ ਜੁਟਿਆ ਹੋਇਆ ਹੈ। ਅਥਾਰਟੀ ਪਹਿਲਾਂ ਹੀ ਕਈ ਸੁਰੱਖਿਆ ਪਰਤਾਂ ਦੀ ਵਰਤੋਂ ਕਰਦੀ ਹੈ, ਜਿਨ੍ਹਾਂ ਵਿੱਚ ਨਿਯਮਤ ਸੁਰੱਖਿਆ ਆਡਿਟ, ਵਲਨਰੇਬਿਲਟੀ ਅਸੈਸਮੈਂਟ, ਪੈਨੇਟ੍ਰੇਸ਼ਨ ਟੈਸਟਿੰਗ ਅਤੇ ਨਿਰੰਤਰ ਮਾਨੀਟਰਿੰਗ ਸ਼ਾਮਲ ਹਨ। ਨਵਾਂ ਬੱਗ ਬਾਊਂਟੀ ਪ੍ਰੋਗਰਾਮ ਸੁਤੰਤਰ ਮਾਹਿਰਾਂ ਨੂੰ ਸੱਦਾ ਦੇ ਕੇ ਕਿਸੇ ਵੀ ਲੁਕੇ ਜੋਖਮਾਂ ਦੀ ਪਛਾਣ ਕਰਨ ਵਿੱਚ ਮਦਦ ਕਰਕੇ ਇੱਕ ਹੋਰ ਸੁਰੱਖਿਆ ਪਰਤ ਜੋੜਦਾ ਹੈ। ਇਹ ਨਵੀਂ ਮੁਹਿੰਮ ਯੂਆਈਡੀਏਆਈ ਦੀ ਉਸ ਲਗਾਤਾਰ ਕੋਸ਼ਿਸ਼ ਦਾ ਇੱਕ ਹੋਰ ਉਦਾਹਰਣ ਹੈ ਜਿਸ ਨਾਲ ਉਹ ਆਪਣੇ ਪਲੈਟਫਾਰਮਾਂ ਨੂੰ ਨਿਵਾਸੀਆਂ ਅਤੇ ਹਿੱਤਧਾਰਕਾਂ ਲਈ ਸੁਰੱਖਿਅਤ ਰੱਖਣ ਲਈ ਹੋਰ ਮਜ਼ਬੂਤ ਕਰਨ ਦਾ ਯਤਨ ਕਰਦਾ ਹੈ। ਅਜਿਹੇ ਪ੍ਰੋਗਰਾਮ ਦੁਨੀਆ ਭਰ ਵਿੱਚ ਪ੍ਰਮੁੱਖ ਟੈਕਨਾਲੋਜੀ ਪਲੈਟਫਾਰਮਾਂ ਵੱਲੋਂ ਡਿਜੀਟਲ ਸਿਸਟਮਾਂ ਨੂੰ ਵਧੇਰੇ ਸੁਰੱਖਿਅਤ ਅਤੇ ਭਵਿੱਖ ਲਈ ਤਿਆਰ ਬਣਾਉਣ ਲਈ ਵਿਆਪਕ ਤੌਰ 'ਤੇ ਵਰਤੇ ਜਾਂਦੇ ਹਨ।

## ਦੀਦਾਰ ਡਾਇਗਨੌਸਟਿਕ ਸੈਂਟਰ ਅਤੇ ਸੁਰੇਂਦਰਾ ਪਲਸ ਡਾਇਗਨੌਸਟਿਕ ਵੱਲੋਂ

# 'ਅੰਤਰਰਾਸ਼ਟਰੀ ਔਰਤ ਦਿਵਸ' ਅਤੇ 'ਔਸਮਨੈੱਸ ਡੇਅ' ਦਾ ਸ਼ਾਨਦਾਰ ਜਸ਼ਨ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**





ਦੀਦਾਰ ਡਾਇਗਨੌਸਟਿਕ ਸੈਂਟਰ ਅਤੇ ਸੁਰੇਂਦਰਾ ਪਲਸ ਡਾਇਗਨੌਸਟਿਕ ਸੈਂਟਰ ਵੱਲੋਂ ਡਾ. ਨਰਜੀਤ ਕੌਰ ਦੀ ਅਗਵਾਈ ਵਿੱਚ 'ਅੰਤਰਰਾਸ਼ਟਰੀ ਔਰਤ ਦਿਵਸ' ਅਤੇ 'ਇੰਟਰਨੈਸ਼ਨਲ ਡੇਅ ਆਫ਼ ਔਸਮਨੈੱਸ' ਬਹੁਤ ਹੀ ਉਤਸ਼ਾਹ ਅਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਇਸ ਖਾਸ ਮੌਕੇ 'ਤੇ ਡਾ. ਨਰਜੀਤ ਕੌਰ ਦੇ ਨਾਲ ਦੋਵਾਂ ਸੈਂਟਰਾਂ ਦੀਆਂ ਮਹਿਲਾ ਡਾਕਟਰਾਂ ਅਤੇ ਸਟਾਫ਼ ਨੇ ਸ਼ਮੂਲੀਅਤ ਕੀਤੀ। ਇਸ ਜਸ਼ਨ ਦੀ ਸ਼ੁਰੂਆਤ 10 ਮਾਰਚ 2026 ਨੂੰ ਪੈਵੇਲੀਅਨ ਮਾਲ ਵਿਖੇ ਕੀਤੀ ਗਈ, ਜਿੱਥੇ ਸਾਰਿਆਂ ਨੇ ਮਿਲ ਕੇ ਫ਼ਿਲਮ ਦੇਖੀ। ਇਸ ਮੌਕੇ 'ਤੇ ਕੇਕ ਕੱਟ ਕੇ ਖ਼ੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ ਅਤੇ ਸਟਾਫ਼ ਨੇ ਪੌਪਕੌਰਨ ਅਤੇ ਹਾਸੇ-ਮਜ਼ਾਕ ਨਾਲ ਇਸ ਦਿਨ ਦਾ ਭਰਪੂਰ ਆਨੰਦ ਮਾਣਿਆ। ਇਸ ਮੌਕੇ ਡਾ. ਨਰਜੀਤ ਕੌਰ ਨੇ ਔਰਤਾਂ ਦੀ ਸਮਾਜ ਵਿੱਚ ਅਹਿਮੀਅਤ 'ਤੇ ਜ਼ੋਰ ਦਿੰਦਿਆਂ ਕਿਹਾ, 'ਅੱਜ ਦਾ ਦਿਨ ਸਾਡੀ ਉਸ ਅਦੁੱਤੀ ਤਾਕਤ ਅਤੇ ਜਜ਼ਬੇ ਨੂੰ ਸਲਾਮ ਕਰਨ ਦਾ ਹੈ, ਜੋ ਅਸੀਂ ਹਰ ਰੋਜ਼ ਆਪਣੇ ਕੰਮ ਅਤੇ ਨਿੱਜੀ ਜੀਵਨ ਵਿੱਚ ਦਿਖਾਉਂਦੀਆਂ ਹਾਂ। ਸਾਡੀ ਆਪਸੀ ਸਾਂਝ ਅਤੇ ਇੱਕ-ਦੂਜੇ ਦਾ ਸਾਥ ਹੀ ਸਾਨੂੰ ਅਸਲ ਵਿੱਚ 'ਔਸਮ' ਬਣਾਉਂਦਾ ਹੈ।' ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਪ੍ਰੋਗਰਾਮਾਂ ਦਾ ਮਕਸਦ ਸਟਾਫ਼ ਦੇ ਮਨੋਰੰਜਨ ਦੇ ਨਾਲ-ਨਾਲ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਨਾ ਅਤੇ ਔਰਤਾਂ ਨੂੰ ਸਮਾਜ ਵਿੱਚ ਸਨਮਾਨਜਨਕ ਸਥਾਨ ਦਿਵਾਉਣ ਲਈ ਪ੍ਰੇਰਿਤ ਕਰਨਾ ਹੈ। ਸਮੂਹ ਸਟਾਫ਼ ਨੇ ਇਸ ਯਾਦਗਾਰੀ ਦਿਨ ਲਈ ਡਾ. ਨਰਜੀਤ ਕੌਰ ਦਾ ਧੰਨਵਾਦ ਕੀਤਾ।

# ਸੇਵਾ ਮੁਕਤ ਪੈਨਸ਼ਨਰਾਂ ਨੂੰ 31 ਮਾਰਚ ਤੱਕ ਡਿਜੀਟਲ ਲਾਈਫ ਸਰਟੀਫਿਕੇਟ ਜਮ੍ਹਾ ਕਰਵਾਉਣ ਦੀ ਅਪੀਲ

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**



ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਡਾ. ਅਮਰਨਾਥ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੇਵਾ-ਮੁਕਤ ਪੈਨਸ਼ਨਰਾਂ ਦੀ ਸਹੂਲਤ ਅਤੇ ਪਾਰਦਰਸ਼ਤਾ ਲਈ ਡਿਜੀਟਲ ਲਾਈਫ ਸਰਟੀਫਿਕੇਟ ਜਮ੍ਹਾ ਕਰਵਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕਈ ਪੈਨਸ਼ਨਰਾਂ ਵੱਲੋਂ ਅਜੇ ਵੀ ਬੈਂਕਾਂ ਵਿੱਚ ਮੈਨੂਅਲ ਸਰਟੀਫਿਕੇਟ ਜਮ?ਹਾ ਕਰਵਾਏ ਗਏ ਹਨ, ਜੋ ਕਿ ਹੁਣ ਮਾਨਤਾ ਪ੍ਰਾਪਤ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਆਪਣੀ ਪੈਨਸ਼ਨ ਨੂੰ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰੱਖਣ ਲਈ ਪੈਨਸ਼ਨਰ ਤੁਰੰਤ ਆਪਣਾ ਡਿਜੀਟਲ ਸਰਟੀਫਿਕੇਟ ਜਮ੍ਹਾ ਕਰਵਾਉਣ। ਉਨ੍ਹਾਂ ਦੱਸਿਆ ਕਿ ਪੈਨਸ਼ਨਰ ਆਪਣਾ ਡਿਜੀਟਲ ਲਾਈਫ ਸਰਟੀਫਿਕੇਟ ਸੇਵਾ ਕੇਂਦਰ, ਬੈਂਕ ਦੀ ਬਰਾਂਚ, ਨਜ਼ਦੀਕੀ ਖਜ਼ਾਨਾ ਦਫ਼ਤਰ ਵਿਖੇ 16 ਮਾਰਚ 2026 ਤੋਂ ਜਮ੍ਹਾ ਕਰਵਾ ਸਕਦੇ ਹਨ ਜਾਂ ਪੰਜਾਬ ਸਰਕਾਰ ਦੀ ਘਰ ਬੈਠੇ ਡੋਰ ਸਟੈੱਪ ਡਲਿਵਰੀ ਰਾਹੀਂ 1076 'ਤੇ ਕਾਲ ਕਰਕੇ ਵੀ ਇਸ ਸੁਵਿਧਾ ਦਾ ਲਾਭ ਲੈ ਸਕਦੇ ਹਨ। ਜ਼ਿਲ੍ਹਾ ਖਜ਼ਾਨਾ ਅਫ਼ਸਰ ਨੇ ਦੱਸਿਆ ਕਿ ਇਸ ਤੋਂ ਇਲਾਵਾ ਪੈਨਸ਼ਨਰ ਘਰ ਬੈਠੇ ਹੀ ਜੀਵਨ ਪ੍ਰਮਾਣ ਪੱਤਰ ਐਪ ਡਾਊਨਲੋਡ ਕਰਕੇ ਵੀ ਇਹ ਪ੍ਰਕਿਰਿਆ ਪੂਰੀ ਕਰ ਸਕਦੇ ਹਨ। ਉਨ੍ਹਾਂ ਸਮੂਹ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਆਪਣਾ ਡਿਜੀਟਲ ਲਾਈਫ ਸਰਟੀਫਿਕੇਟ 31 ਮਾਰਚ 2026 ਤੋਂ ਪਹਿਲਾਂ ਜਮ੍ਹਾ ਕਰਵਾਉਣਾ ਯਕੀਨੀ ਬਣਾਉਣ।

# ਬੱਚਤ ਭਵਨ ਲੁਧਿਆਣਾ 'ਚ 42 ਮਹਿਲਾ ਬੀ.ਐਲ.ਓਜ਼ ਦਾ ਸਨਮਾਨ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**



ਜ਼ਿਲ੍ਹਾ ਪ੍ਰਸ਼ਾਸਨ ਨੇ ਬੁੱਧਵਾਰ ਨੂੰ 42 ਮਹਿਲਾ ਬੂਥ ਲੈਵਲ ਅਫਸਰਾਂ (ਬੀ.ਐਲ.ਓਜ਼) ਨੂੰ ਵੋਟਰ ਸੂਚੀਆਂ ਦੀ ਪ੍ਰੀ-ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਪ੍ਰੀ-ਐਸ.ਆਈ.ਆਰ) ਮੈਪਿੰਗ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਉਨ੍ਹਾਂ ਦੀ ਮਿਸਾਲੀ ਭੂਮਿਕਾ ਲਈ ਸਨਮਾਨਿਤ ਕੀਤਾ। ਬੂਥ ਲੈਵਲ ਅਫਸਰਾਂ ਦੇ ਸਮਰਪਿਤ ਅਤੇ ਸ਼ਾਨਦਾਰ ਪ੍ਰਦਰਸ਼ਨ ਦੇ ਸਨਮਾਨ ਵਿੱਚ ਪ੍ਰਸ਼ੰਸਾ ਸਮਾਰੋਹ ਬੱਚਤ ਭਵਨ ਲੁਧਿਆਣਾ ਵਿਖੇ ਆਯੋਜਿਤ ਕੀਤਾ ਗਿਆ ਜਿੱਥੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਪੂਨਮ ਸਿੰਘ ਨੇ ਸਨਮਾਨਿਤ ਸਖਸ਼ੀਅਤਾਂ ਨੂੰ ਪ੍ਰਸ਼ੰਸਾ ਪੱਤਰ ਭੇਟ ਕੀਤੇ। ਪੂਨਮ ਸਿੰਘ ਨੇ ਬੀ.ਐਲ.ਓਜ਼ ਦੀ ਉਤਸ਼ਾਹੀ ਭਾਗੀਦਾਰੀ, ਬਾਰੀਕੀ ਨਾਲ ਫੀਲਡ ਵਰਕ ਅਤੇ ਵੋਟਰ ਸੂਚੀ ਅੱਪਡੇਟ ਪ੍ਰਕਿਰਿਆ ਦੀ ਸ਼ੁੱਧਤਾ ਅਤੇ ਇਮਾਨਦਾਰੀ ਨੂੰ ਯਕੀਨੀ ਬਣਾਉਣ ਲਈ ਅਟੁੱਟ ਵਚਨਬੱਧਤਾ ਲਈ ਸ਼ਲਾਘਾ ਕੀਤੀ। ਇਸ ਮੌਕੇ ਬੋਲਦਿਆਂ ਵਧੀਕ ਡਿਪਟੀ ਕਮਿਸ਼ਨਰ ਪੂਨਮ ਸਿੰਘ ਨੇ ਘਰ-ਘਰ ਜਾ ਕੇ ਤਸਦੀਕ, ਵੋਟਰ ਸ਼ਮੂਲੀਅਤ ਅਤੇ ਡਾਟਾ ਮੈਪਿੰਗ ਵਿੱਚ ਇਨ੍ਹਾਂ ਮਹਿਲਾ ਬੀ.ਐਲ.ਓਜ਼ ਦੁਆਰਾ ਨਿਭਾਈ ਗਈ ਮਹੱਤਵਪੂਰਨ ਭੂਮਿਕਾ 'ਤੇ ਚਾਨਣਾ ਪਾਇਆ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਦੇ ਅਣਥੱਕ ਯਤਨਾਂ ਨੇ ਜ਼ਿਲ੍ਹੇ ਵਿੱਚ ਇਸ ਮਹੱਤਵਪੂਰਨ ਚੋਣ

**■ ਵੋਟਰ ਸੂਚੀ ਮੈਪਿੰਗ ਵਿੱਚ ਨਿਭਾਈ ਮਿਸਾਲੀ ਭੂਮਿਕਾ, ਚੋਣ ਪ੍ਰਬੰਧਨ ਵਿੱਚ ਮਹਿਲਾਵਾਂ ਦੀ ਭੂਮਿਕਾ ਮਜ਼ਬੂਤ**

ਅਭਿਆਸ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਅਜਿਹੇ ਸਮਰਪਿਤ ਹੇਠਲੇ ਪੱਧਰ ਦੇ ਕਰਮਚਾਰੀਆਂ, ਖਾਸ ਤੌਰ 'ਤੇ ਔਰਤਾਂ ਨੂੰ ਸਸ਼ਕਤ ਬਣਾਉਣਾ, ਮਾਨਤਾ ਦੇਣਾ, ਸਮਾਵੇਸ਼ੀ ਅਤੇ ਕੁਸ਼ਲ ਚੋਣ ਪ੍ਰਬੰਧਨ ਪ੍ਰਤੀ ਵਚਨਬੱਧਤਾ ਨੂੰ ਮਜ਼ਬੂਤ ਕਰਦਾ ਹੈ। ਪ੍ਰੀ-ਐਸ.ਆਈ.ਆਰ. ਵੋਟਰ ਮੈਪਿੰਗ ਅਭਿਆਸ ਦੌਰਾਨ ਕੁਸ਼ਲਤਾ ਦਾ ਪ੍ਰਦਰਸ਼ਨ ਕਰਨ ਵਾਲੀਆਂ ਮਹਿਲਾ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓਜ਼) ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵਿੱਚ ਗੁਰਮੀਤ ਕੌਰ, ਨਿਗਮ ਦਾਨੀ, ਬਲਜੀਤ ਕੌਰ, ਸੁਖਵਿੰਦਰ ਕੌਰ, ਸੁਰਿੰਦਰਪਾਲ ਕੌਰ, ਸੁਖਵੀਰ ਕੌਰ, ਸੰਜੀਤ ਕੌਰ, ਰੁਪਿੰਦਰ ਕੌਰ, ਹਰਜੀਤ ਕੌਰ, ਬਬੀਤਾ ਰਾਣੀ, ਪ੍ਰਿਯਾ ਮਲਹੋਤਰਾ, ਪੂਜਾ ਸ਼ਰਮਾ, ਸਵਰਨਜੀਤ ਕੌਰ, ਸੁਸ਼ਮਾ ਸ਼ਰਮਾ, ਕਮਲਜੀਤ ਕੌਰ, ਮਧੂ ਬਾਲਾ, ਅਨੂ ਬਾਲਾ, ਰੇਨੂੰ ਰਾਣੀ, ਮਨਜੀਤ ਕੌਰ, ਸੋਨੀਆ ਪੁਰੀ, ਰਵਿੰਦਰ ਕੌਰ, ਰਮਾ ਅਰੋੜਾ, ਜੋਤੀ ਬਾਲਾ, ਜਸਵੀਰ ਕੌਰ, ਹਰਪ੍ਰਮਜੀਤ ਕੌਰ, ਰਾਜ ਕੁਮਾਰੀ, ਨਿਸ਼ਾ ਰਾਣੀ, ਕੁਲਵੰਤ ਕੌਰ, ਜਸਵੀਰ ਕੌਰ, ਸੁਖਜਿੰਦਰ ਕੌਰ, ਚਰਨਜੀਤ ਕੌਰ, ਸਤਿੰਦਰ ਕੌਰ, ਚਰਨਜੀਤ ਕੌਰ, ਕਿਰਨਜੀਤ ਕੌਰ, ਕਰਮਜੀਤ ਕੌਰ, ਚਰਨਜੀਤ ਕੌਰ, ਮਨਦੀਪ ਕੌਰ, ਰਮਨਦੀਪ ਕੌਰ, ਜਗਦੀਪ ਕੌਰ, ਪਰਮਜੀਤ ਕੌਰ, ਜਗਦੀਪ ਕੌਰ, ਜਸਵਿੰਦਰ ਕੌਰ ਮੌਜੂਦ ਸਨ।

# ਫਾਰਮਾਕੋਇਨਫੌਰਮੈਟਿਕਸ 'ਤੇ ਕਾਨਫਰੰਸ ਕਮ ਵਰਕਸ਼ਾਪ: ਟੌਕਸੀਸਿਟੀ ਐਂਡ ਮੈਟਾਬੋਲਿਜ਼ਮ 2026

ਜ਼ਿਕਰ ਪੰਜਾਬ

**ਮੋਹਾਲੀ/ਬਿਊਰੋ**



ਫਾਰਮਾਕੋਇਨਫੌਰਮੈਟਿਕਸ 'ਤੇ ਆਯੋਜਿਤ ਟੌਕਸੀਸਿਟੀ ਐਂਡ ਮੈਟਾਬੋਲਿਜ਼ਮ 2026 ਕਾਨਫਰੰਸ ਕਮ ਵਰਕਸ਼ਾਪ ਦੀ ਸ਼ੁਰੂਆਤ ਜੋਸ਼ੀਲੇ ਮਾਹੌਲ ਦੇ ਨਾਲ ਹੋਈ। ਇਸ ਮੌਕੇ 'ਤੇ ਖੋਜਕਰਤਾ, ਉਦਯੋਗ ਜਗਤ ਦੇ ਵਿਗਿਆਨੀ ਅਤੇ ਵਿਦਵਾਨ ਇਕੱਠੇ ਹੋਏ, ਤਾਂ ਜੋ ਡਰੱਗ ਸੁਰੱਖਿਆ ਅਤੇ ਮੈਟਾਬੋਲਿਜ਼ਮ ਲਈ ਭਵਿੱਖਬਾਣੀ ਅਧਾਰਿਤ (ਪ੍ਰੀਡਿਕਟਿਵ) ਦ੍ਰਿਸ਼ਟੀਕੋਣਾਂ ਨੂੰ ਅੱਗੇ ਵਧਾਇਆ ਜਾ ਸਕੇ। ਕਾਨਫਰੰਸ ਦਾ ਭਵਯ ਉਦਘਾਟਨ ਪਰੰਪਰਾਗਤ ਦੀਪ ਪ੍ਰਜਵਲਿਤ ਅਤੇ ਸਰਸਵਤੀ ਵੰਦਨਾ ਦੇ ਨਾਲ ਕੀਤਾ ਗਿਆ। ਦੀਪ ਪ੍ਰਜਵਲਿਤ ਦੀ ਇਹ ਰਸਮੀ ਪਰੰਪਰਾ ਗਿਆਨ ਦੀ ਖੋਜ ਦਾ ਪ੍ਰਤੀਕ ਹੈ ਅਤੇ ਇਸ ਨੇ ਕਾਨਫਰੰਸ ਦੇ ਉਸ ਉਦੇਸ਼ ਨੂੰ ਰੇਖਾਂਕਿਤ ਕੀਤਾ, ਜਿਸ ਦੇ ਤਹਿਤ ਟੌਕਸਿਕੌਲੋਜਿਕਲ ਸਬੰਧੀ ਨਤੀਜਿਆਂ ਨੂੰ ਬਿਹਤਰ ਭਵਿੱਖਬਾਣੀ ਲਈ ਕੰਪਿਊਟੇਸ਼ਨਲ ਇੰਟੈਲੀਜੈਂਸ ਨੂੰ ਪ੍ਰਯੋਗਾਤਮਕ ਤਸਦੀਕ ਦੇ ਨਾਲ ਏਕੀਕ੍ਰਿਤ ਕਰਨ 'ਤੇ ਜ਼ੋਰ ਦਿੱਤਾ ਗਿਆ। ਆਪਣੇ ਉਦਘਾਟਨੀ ਸੰਬੋਧਨ ਵਿੱਚ ਡਾਇਰੈਕਟਰ ਪ੍ਰੋ. ਦੁਲਾਲ ਪਾਂਡਾ ਨੇ ਇਸ ਕਾਨਫਰੰਸ ਦੀ ਭੂਮਿਕਾ 'ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਇਹ ਅਕਾਦਮਿਕ ਜਗਤ ਅਤੇ ਉਦਯੋਗ ਵਿਚਕਾਰ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਵਿਗਿਆਨੀਆਂ ਦੀ ਅਗਲੀ ਪੀੜ੍ਹੀ ਨੂੰ ਸਿਖਲਾਈ ਦੇਣ ਲਈ ਇੱਕ ਮਹੱਤਵਪੂਰਨ ਪਲੈਟਫਾਰਮ ਪ੍ਰਦਾਨ ਕਰਦਾ ਹੈ। ਉਨ੍ਹਾਂ ਨੇ ਦੱਸਿਆ ਕਿ PIToxMet ਵਰਗੇ ਅੰਤਰਰਾਸ਼ਟਰੀ ਵਿਗਿਆਨਕ ਕਾਨਫਰੰਸਾਂ ਨਾਲ ਸਹਿਯੋਗੀ ਰਿਸਰਚ ਦੇ ਨਵੇਂ ਮੌਕੇ ਪੈਦਾ ਹੁੰਦੇ ਹਨ ਅਤੇ ਨਵੀਨਤਾਕਾਰੀ ਵਿਗਿਆਨਕ ਤਰੀਕਿਆਂ ਨੂੰ ਰੀਅਲ-ਵਰਲਡ ਦੀਆਂ ਐਪਲੀਕੇਸ਼ਨਾਂ ਵਿੱਚ ਅਨੁਵਾਦ ਕਰਨ ਵਿੱਚ ਤੇਜ਼ੀ ਲਿਆਉਂਦੇ ਹਨ। ਡਾ. ਪੀ.ਵੀ. ਭਰਤਮ ਨੇ ਸਵਾਗਤੀ ਭਾਸ਼ਣ ਪੇਸ਼ ਕਰਦੇ ਹੋਏ ਟੌਕਸੀਕੋਲੋਜੀ ਅਤੇ ਫਾਰਮਾਕੋਇਨਫੌਰਮੈਟਿਕਸ ਦੇ ਸਮਕਾਲੀ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਕੰਪਿਊਟੇਸ਼ਨਲ ਤਰੀਕਿਆਂ, ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਪ੍ਰਯੋਗਸ਼ਾਲਾ-ਅਧਾਰਿਤ ਰਿਸਰਚ ਨੂੰ ਇਕੱਠੇ ਲਿਆਉਣ ਦੀ ਵਧਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇਸ ਕਾਨਫਰੰਸ ਨੂੰ ਸਿਰਫ ਤਕਨੀਕੀ ਪੇਸ਼ਕਾਰੀਆਂ ਤੱਕ ਸੀਮਿਤ ਨਾ ਮੰਨਦੇ ਹੋਏ, ਸਗੋਂ ਵੱਖ-ਵੱਖ ਵਿਸ਼ਿਆਂ ਦੇ ਮਾਹਿਰਾਂ ਵਿਚਕਾਰ ਸਮੂਹਿਕ ਅਤੇ ਅੰਤਰ-ਅਨੁਸ਼ਾਸਨੀ ਸਮਾਧਾਨ ਲੱਭਣ ਦਾ ਇੱਕ ਸਸ਼ਕਤ ਪਲੈਟਫਾਰਮ ਦੱਸਿਆ। ਉਦਘਾਟਨ ਸੈਸ਼ਨ ਦਾ ਇੱਕ ਵਿਸ਼ੇਸ਼ ਆਕਰਸ਼ਨ PIToxMet 2026 ਐਬਸਟ?ਰੈਕਟ ਬੁੱਕ ਦਾ ਰਿਲੀਜ਼ ਹੋਣਾ ਸੀ, ਜਿਸ ਵਿੱਚ ਭਾਗੀਦਾਰਾਂ ਅਤੇ ਬੁਲਾਰਿਆਂ ਦੇ ਖੋਜ ਯੋਗਦਾਨਾਂ ਨੂੰ ਸੰਕਲਿਤ ਕੀਤਾ ਗਿਆ ਹੈ। ਡਾਇਰੈਕਟਰ ਪ੍ਰੋ. ਦੁਲਾਲ ਪਾਂਡਾ ਨੇ ਸੀਨੀਅਰ ਅਕਾਦਮਿਕ ਅਤੇ ਸੱਦੇ ਗਏ ਪਤਵੰਤਿਆਂ ਦੀ ਮੌਜੂਦਗੀ ਵਿੱਚ ਇਸ ਕਿਤਾਬ ਨੂੰ ਰਿਲੀਜ਼ ਕੀਤਾ। ਉਦਘਾਟਨੀ ਪ੍ਰੋਗਰਾਮ ਵਿੱਚ ਅਕਾਦਮਿਕ ਖੇਤਰ, ਸਰਕਾਰੀ ਸੰਸਥਾਵਾਂ ਅਤੇ ਉਦਯੋਗ ਜਗਤ ਦੇ ਪ੍ਰਮੁੱਖ ਮਾਹਿਰਾਂ ਦੁਆਰਾ ਲੈਕਚਰ ਦੀ ਇੱਕ ਲੜੀ ਪੇਸ਼ ਕੀਤੀ ਗਈ। ਬੁਲਾਰਿਆਂ ਵਿੱਚ ਡਾ. ਦੇਬਾਸਿਸਾ ਮੋਹੰਤੀ (ਡਾਇਰੈਕਟਰ, ਐੱਨਆਈਆਈ, ਨਵੀਂ ਦਿੱਲੀ), ਡਾ, ਐਂਡਰਿਊ ਲਿਨ (ਪ੍ਰੋਫੈਸਰ, ਜੇਐੱਨਯੂ), ਡਾ. ਪ੍ਰਭਾ ਗਰਗ, ਡਾ. ਰਿਚੀ ਮਹਾਜਨ (ਵਿਗਿਆਨੀ 'ਡੀ', ਡੀਬੀਟੀ), ਡਾ. ਮਨੋਡ ਕੁਮਾਰ, ਡਾ. ਰਜਨੀਸ਼ ਕੁਮਾਰ (ਐਸੋਸੀਏਟ ਪ੍ਰੋਫੈਸਰ, ਆਈਆਈਟੀ ਬੀਐੱਚਯੂ), ਡਾ. ਨੇਹਾ ਤ੍ਰਿਪਾਠੀ (ਜੇਨੋਸਕੋਪ-ਸੈਂਟਰ ਨੈਸ਼ਨਲ ਦ ਸੇਕੇਨਸਾਜ, ਫਰਾਂਸ), ਡਾ. ਪ੍ਰਕਾਸ਼ ਰਾਠੀ, ਡਾ. ਜਿਆਨ ਮਾਰਕੋ ਘਿਡਿਨੋਨੀ (ਅਸਟ?ਰਾਜ਼ੇਨੇਕਾ), ਡਾ. ਵੈਭਵ ਦੀਕਸ਼ਿਤ (ਸਹਾਇਕ ਪ੍ਰੋਫੈਸਰ, ਨਾਈਪਰ, ਗੁਵਾਹਾਟੀ) ਅਤੇ ਡਾ. ਸੁਜੀਤ ਤੰਗੜਪੱਲੀਵਾਰ (ਸਹਿ-ਸੰਸਥਾਪਕ, ਬਾਇਓਲੀਜੇਨ) ਸ਼ਾਮਲ ਸਨ। ਇਨ੍ਹਾਂ ਮਾਹਿਰਾਂ ਦੇ ਲੈਕਚਰ ਵਿੱਚ ਕੰਪਿਊਟੇਸ਼ਨਲ ਟੌਕਸੀਕੋਲੋਜੀ ਵਿੱਚ ਵਿਧੀਗਤ ਪ੍ਰਗਤੀ ਤੋਂ ਲੈ ਕੇ ਅਜਿਹੇ ਟ?ਰਾਂਸਲੇਸ਼ਨਲ ਕੇਸ ਸਟਡੀਜ਼ ਤੱਕ ਦੇ ਵਿਸ਼ੇ ਸ਼ਾਮਲ ਰਹੇ, ਜਿਨ੍ਹਾਂ ਵਿੱਚ ਮੌਲੀਕਿਊਲਰ ਸਿਗਨਲਸ ਨੂੰ ਕਲੀਨਿਕਲ ਸੁਰੱਖਿਆ ਮਿਆਰਾਂ ਨਾਲ ਜੋੜਨ ਦੇ ਯਤਨਾਂ ਨੂੰ ਪੇਸ਼ ਕੀਤਾ ਗਿਆ। ਬੁਲਾਰਿਆਂ ਨੇ ਉਦਘਾਟਨੀ ਸੈਸ਼ਨ ਨੂੰ ਆਉਣ ਵਾਲੇ ਕਈ ਦਿਨਾਂ ਤੱਕ ਚੱਲਣ ਵਾਲੇ ਤਕਨੀਕੀ ਸੈਸ਼ਨਾਂ, ਪੈਨਲ ਚਰਚਾਵਾਂ ਅਤੇ ਨੈੱਟਵਰਕਿੰਗ ਗਤੀਵਿਧੀਆਂ ਦੀ ਇੱਕ ਸਸ਼ਕਤ ਅਤੇ ਗਤੀਸ਼ੀਲ ਸ਼ੁਰੂਆਤ ਦੱਸਿਆ, ਜਿਨ੍ਹਾਂ ਦਾ ਉਦੇਸ਼ ਪ੍ਰੇਡਿਕਟਿਵ ਟੌਕਸੀਕੋਲੋਜੀ ਅਤੇ ਡਰੱਗ ਮੈਟਾਬੋਲਿਜ਼ਮ ਰਿਸਰਚ ਨੂੰ ਰਫ਼ਤਾਰ ਦੇਣਾ ਹੈ। ਮਸ਼ੀਨ ਲਰਨਿੰਗ ਅਤੇ ਮਲਟੀ-ਮਾਡਲ ਡੇਟਾ ਏਕੀਕਰਣ ਨੂੰ ਤੇਜ਼ੀ ਨਾਲ ਅਪਣਾਉਣਾ ਇਸ ਖੇਤਰ ਵਿੱਚ, ਕਾਨਫਰੰਸ ਨੇ ਖੁਦ ਨੂੰ ਕੰਪਿਊਟੇਸ਼ਨਲ ਇਨੋਵੇਸ਼ਨ ਅਤੇ ਪ੍ਰਯੋਗਾਤਮਕ ਕਠੋਰਤਾ ਦੇ ਇੰਟਰਸੈਕਸ਼ਨ 'ਤੇ ਸਥਾਪਿਤ ਕੀਤਾ। PIToxMet 2026 ਦੀ ਸਮਾਪਤੀ ਇਸ ਸਪਸ਼ਟ ਉਦੇਸ਼ ਨਾਲ ਕੀਤੀ ਜਾਵੇਗੀ ਕਿ ਵਿਚਾਰ-ਵਟਾਂਦਰੇ ਨੂੰ ਠੋਸ ਸਾਂਝੇਦਾਰੀਆਂ ਅਤੇ ਕਾਰਜਸ਼ੀਲ ਖੋਜ ਵਿੱਚ ਤਬਦੀਲ ਕੀਤਾ ਜਾਵੇ। ਬੁਲਾਰਿਆਂ ਨੇ ਕਿਹਾ ਕਿ ਇਹ ਯਤਨ ਬਹੁਤ ਜ਼ਰੂਰੀ ਹੈ, ਤਾਂ ਜੋ ਗੁੰਝਲਦਾਰ ਹੁੰਦੇ ਹੋਏ ਡਾਕਟਰੀ ਇਲਾਜਾਂ ਦੇ ਦੌਰ ਵਿੱਚ ਡਰੱਗ ਸੁਰੱਖਿਆ ਦੀ ਭਵਿੱਖਬਾਣੀ ਅਤੇ ਪ੍ਰਬੰਧਨ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ।

# ਪਰਾਲੀ ਸਾੜਨ 'ਤੇ ਜ਼ੀਰੋ ਟਾਲਰੈਂਸ: ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ

## ਲੁਧਿਆਣਾ ਪ੍ਰਸ਼ਾਸਨ ਵੱਲੋਂ ਪ੍ਰਦੂਸ਼ਣ ਮੁਕਤ ਕਣਕ ਦੀ ਵਾਢੀ ਲਈ ਵਿਭਾਗਾਂ ਨੂੰ ਮਿਲਜੁਲ ਕੇ ਕੰਮ ਕਰਨ ਦੇ ਨਿਰਦੇਸ਼

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**



ਵਾਤਾਵਰਣ ਪ੍ਰਦੂਸ਼ਣ ਨੂੰ ਰੋਕਣ ਲਈ ਇੱਕ ਸਰਗਰਮ ਉਪਾਅ ਵਜੋਂ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਵੀਰਵਾਰ ਨੂੰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇੱਕ ਮੀਟਿੰਗ ਦੀ ਪ੍ਰਧਾਨਗੀ ਕੀਤੀ ਅਤੇ ਕਣਕ ਦੀ ਪਰਾਲੀ ਨੂੰ ਸਾੜਨ ਪ੍ਰਤੀ ਜ਼ੀਰੋ ਟਾਲਰੈਂਸ ਨੂੰ ਯਕੀਨੀ ਬਣਾਉਣ ਲਈ ਸਪੱਸ਼ਟ ਨਿਰਦੇਸ਼ ਜਾਰੀ ਕੀਤੇ ਕਿਉਂਕਿ ਕਣਕ ਦੀ ਕਟਾਈ 1 ਅਪ੍ਰੈਲ ਤੋਂ ਸ਼ੁਰੂ ਹੋਣ ਵਾਲੀ ਹੈ। ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਇਸ ਨੁਕਸਾਨਦੇਹ ਅਭਿਆਸ ਨੂੰ ਰੋਕਣ ਲਈ ਸਾਰੇ ਸਬੰਧਤ ਵਿਭਾਗਾਂ ਵੱਲੋਂ ਸੁਹਿਰਦ ਅਤੇ ਤਾਲਮੇਲ ਵਾਲੇ ਯਤਨਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਉਪ-ਮੰਡਲ ਮੈਜਿਸਟ੍ਰੇਟਾਂ (ਐਸ.ਡੀ.ਐਮ.) ਨੂੰ ਪਿੰਡ ਪੱਧਰ 'ਤੇ ਤੁਰੰਤ ਨੋਡਲ ਅਫਸਰ ਨਿਯੁਕਤ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਉਹ ਆਪਣੇ-ਆਪਣੇ ਖੇਤਰਾਂ ਵਿੱਚ ਨੇੜਿਓਂ ਨਿਗਰਾਨੀ ਰੱਖ ਸਕਣ ਅਤੇ ਪਰਾਲੀ ਸਾੜਨ ਦੀਆਂ ਕਿਸੇ ਵੀ ਘਟਨਾ ਦੀ ਨਿਗਰਾਨੀ ਕਰ ਸਕਣ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਅੱਗੇ ਹਦਾਇਤ ਕੀਤੀ ਕਿ ਉਹ ਕੈਂਪਾਂ, ਵੈਨਾਂ, ਹੋਰ ਆਈ.ਈ.ਸੀ. ਸਮੱਗਰੀਆਂ ਰਾਹੀਂ ਕਿਸਾਨਾਂ ਵਿੱਚ ਵਿਆਪਕ ਜਾਗਰੂਕਤਾ ਮੁਹਿੰਮਾਂ ਸ਼ੁਰੂ ਕਰਨ ਜਿਸ ਵਿੱਚ ਕਣਕ ਦੀ ਪਰਾਲੀ ਸਾੜਨ ਦੇ ਗੰਭੀਰ ਨੁਕਸਾਨਦੇਹ ਪ੍ਰਭਾਵਾਂ ਨੂੰ ਉਜਾਗਰ ਕੀਤਾ ਜਾਵੇ। ਇਨ੍ਹਾਂ ਵਿੱਚ ਹਵਾ ਦੀ ਗੁਣਵੱਤਾ ਵਿੱਚ ਗਿਰਾਵਟ, ਮਿੱਟੀ ਦਾ ਪਤਨ, ਜ਼ਰੂਰੀ ਪੌਸ਼ਟਿਕ ਤੱਤਾਂ ਦਾ ਨੁਕਸਾਨ, ਧੂੰਏਂ ਅਤੇ ਕਣਾਂ ਤੋਂ ਸਿਹਤ ਲਈ ਖ਼ਤਰੇ ਅਤੇ ਵਿਆਪਕ ਵਾਤਾਵਰਣ ਮੁੱਦਿਆਂ ਵਿੱਚ ਯੋਗਦਾਨ ਸ਼ਾਮਲ ਹਨ। ਇਸਦਾ ਉਦੇਸ਼ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਵਾਤਾਵਰਣ ਪੱਖੀ ਵਿਕਲਪ ਅਪਣਾਉਣ ਲਈ ਜਾਗਰੂਕ ਕਰਨਾ ਅਤੇ ਪ੍ਰੇਰਿਤ ਕਰਨਾ ਹੈ। ਜ਼ਿਲ੍ਹਾ ਲੁਧਿਆਣਾ ਵਿੱਚ ਇਸ ਸਾਲ ਕਣਕ ਦੀ ਕਾਸ਼ਤ ਕਰੀਬ 2.38 ਲੱਖ ਹੈਕਟੇਅਰ ਹੈ, ਜਿਸ ਨਾਲ ਆਉਣ ਵਾਲੀ ਵਾਢੀ ਦੇ ਸਮੇਂ ਦੌਰਾਨ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਪ੍ਰਭਾਵਸ਼ਾਲੀ ਰੋਕਥਾਮ ਉਪਾਅ ਮਹੱਤਵਪੂਰਨ ਹਨ। ਹਿਮਾਂਸ਼ੂ ਜੈਨ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਿਗਿਆਨਕ ਤੌਰ 'ਤੇ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਤਕਨੀਕਾਂ 'ਤੇ ਮਾਰਗਦਰਸ਼ਨ ਰਾਹੀਂ ਕਿਸਾਨਾਂ ਦਾ ਸਮਰਥਨ ਕਰਨ ਲਈ ਵਚਨਬੱਧ ਹੈ। ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਅਤੇ ਰਾਜ ਸਰਕਾਰ ਦੇ ਨਿਰਦੇਸ਼ਾਂ ਦੇ ਅਨੁਸਾਰ ਸੰਬੰਧਿਤ ਕਾਨੂੰਨਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈਆਂ ਕੀਤੀਆਂ ਜਾਣਗੀਆਂ। ਡਿਪਟੀ ਕਮਿਸ਼ਨਰ ਨੇ ਖੇਤੀਬਾੜੀ, ਪ੍ਰਦੂਸ਼ਣ ਕੰਟਰੋਲ, ਪੁਲਿਸ, ਮਾਲੀਆ, ਸਹਿਕਾਰੀ ਸਭਾਵਾਂ ਅਤੇ ਪੰਚਾਇਤ ਵਿਭਾਗਾਂ ਸਮੇਤ ਸਾਰੇ ਹਿੱਸੇਦਾਰਾਂ ਨੂੰ ਪ੍ਰਦੂਸ਼ਣ ਮੁਕਤ ਵਾਢੀ ਦੇ ਸੀਜ਼ਨ ਨੂੰ ਪ੍ਰਾਪਤ ਕਰਨ ਲਈ ਸਹਿਯੋਗ ਨਾਲ ਕੰਮ ਕਰਨ ਦਾ ਸੱਦਾ ਦਿੱਤਾ।

# ਨੀਤੀ ਆਯੋਗ ਇੰਡੈਕਸ 'ਚ ਪੰਜਾਬ ਸਭ ਤੋਂ ਹੇਠਾਂ; ਦੀਵਾਨ ਨੇ ਮਾਨ ਸਰਕਾਰ ਨੂੰ ਆਰਥਿਕ ਬਦਹਾਲੀ ਲਈ ਘੇਰਿਆ

ਜ਼ਿਕਰ ਪੰਜਾਬ

**ਲੁਧਿਆਣਾ/ਅਸ਼ਵਨੀ ਅਹੂਜਾ**




ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਅਗਵਾਈ ਵਾਲੀ ਸਰਕਾਰ ਉੱਤੇ ਤਿੱਖਾ ਹਮਲਾ ਬੋਲਦਿਆਂ, ਸੀਨੀਅਰ ਕਾਂਗਰਸੀ ਆਗੂ ਅਤੇ ਜਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਪਵਨ ਦੀਵਾਨ ਨੇ ਇਸ ਸਰਕਾਰ ਨੂੰ "ਪੰਜਾਬ ਲਈ ਤਬਾਹੀ"ਕਰਾਰ ਦਿੱਤਾ ਹੈ। ਉਨ੍ਹਾਂ ਨੇ ਨੀਤੀ ਆਯੋਗ ਦੇ 2023-24 ਦੇ ਫਾਇਨੈਂਸ਼ਲ ਹੈਲਥ ਇੰਡੈਕਸ ਦਾ ਹਵਾਲਾ ਦਿੰਦਿਆਂ, ਜਿਸ ਵਿੱਚ ਆਰਥਿਕ ਸਿਹਤ ਦੇ ਮਾਮਲੇ ਵਿੱਚ ਪੰਜਾਬ ਨੂੰ ਵੱਡੇ ਸੂਬਿਆਂ ਵਿੱਚ ਸਭ ਤੋਂ ਹੇਠਾਂ 18ਵੇਂ ਸਥਾਨ 'ਤੇ 12.4 ਅੰਕਾਂ ਨਾਲ ਦਰਜ ਕੀਤਾ ਗਿਆ ਹੈ, ਕਿਹਾ ਕਿ ਆਪ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਚਾਰ ਸਾਲਾਂ ਵਿੱਚ ਪੰਜਾਬ ਨੇ ਹਰ ਖੇਤਰ ਵਿੱਚ ਤਰੱਕੀ ਦੀ ਬਜਾਏ ਪਿੱਛੇ ਹਟਦਾ ਹੀ ਵੇਖਿਆ ਹੈ। ਦੀਵਾਨ ਨੇ ਮਾਨ ਸਰਕਾਰ ਉੱਤੇ ਤਿੱਖਾ ਹਮਲਾ ਕਰਦੇ ਹੋਏ, ਦੋਸ਼ ਲਾਇਆ ਕਿ ਇਹ ਸਰਕਾਰ ਦੋਵੇਂ ਹੱਥਾਂ ਨਾਲ ਪੰਜਾਬ ਨੂੰ ਲੁੱਟ ਰਹੀ ਹੈ। ਨੀਤੀ ਆਯੋਗ ਦੇ ਫਾਇਨੈਂਸ਼ਲ ਹੈਲਥ ਇੰਡੈਕਸ 2023-24 ਦਾ ਹਵਾਲਾ ਦਿੰਦਿਆਂ, ਉਹਨਾਂ ਕਿਹਾ ਕਿ ਪੰਜ ਅਹਿਮ ਮਾਪਦੰਡਾਂ, ਖਰਚ ਦੀ ਗੁਣਵੱਤਾ, ਕਰਜ਼ਾ ਇੰਡੈਕਸ, ਰੇਵਨਿਊ ਉਤਪਾਦਨ, ਵਿੱਤੀ ਸਿਆਣਪ ਅਤੇ ਕਰਜ਼ੇ ਦੀ ਟਿਕਾਊਪਣ, ਦੇ ਆਧਾਰ 'ਤੇ ਕੀਤਾ ਗਿਆ ਆਰਥਿਕ ਮੁਲਾਂਕਣ ਪੰਜਾਬ ਦੀ ਡਿੱਗਦੀ ਹਾਲਤ ਨੂੰ ਬੇਨਕਾਬ ਕਰਦਾ ਹੈ। ਸੂਬੇ ਨੇ ਹਰ ਮਾਮਲੇ ਵਿਚ ਬਹੁਤ ਹੀ ਘੱਟ ਅੰਕ ਪ੍ਰਾਪਤ ਕੀਤੇ ਹਨ, ਜੋ ਲਗਾਤਾਰ ਘਾਟੇ, ਵਧਦੇ ਕਰਜ਼ੇ ਅਤੇ ਘਟਦੀ ਆਮਦਨ ਸਮਰੱਥਾ ਨੂੰ ਦਰਸਾਉਂਦੇ ਹਨ। ਇਹ ਸ਼ਾਸਨ ਨਹੀਂ, ਬਲਕਿ ਸਿੱਧਾ ਆਰਥਿਕ ਪਤਨ ਹੈ। ਦੀਵਾਨ ਨੇ ਸਖ਼ਤ ਅੰਕੜਿਆਂ ਦਾ ਹਵਾਲਾ ਦਿੰਦਿਆਂ, ਮਾਨ ਸਰਕਾਰ 'ਤੇ ਤਿੱਖਾ ਹਮਲਾ ਬੋਲਦੇ ਹੋਏ ਕਿਹਾ ਕਿ ਪੰਜਾਬ ਦਾ ਕਰਜ਼ਾ ਬੇਹਿਸਾਬ ਵਧ ਗਿਆ ਹੈ। ਉਹਨਾਂ ਕਿਹਾ ਕਿ ਜਦੋਂ ਆਪ ਸਰਕਾਰ ਸੱਤਾ ਵਿੱਚ ਆਈ ਸੀ, ਉਸ ਸਮੇਂ ਪੰਜਾਬ 'ਤੇ ਕਰਜ਼ਾ 2.82 ਲੱਖ ਕਰੋੜ ਰੁਪਏ ਸੀ।

# ਕੌਮੀ ਲੋਕ ਅਦਾਲਤ 'ਚ 47452 ਕੇਸਾਂ ਦਾ ਰਾਜ਼ੀਨਾਮੇ ਰਾਹੀਂ ਨਿਪਟਾਰਾ

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**



ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ ਅਤੇ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਜਲੰਧਰ ਸ਼੍ਰੀ ਨਿਰਭਉ ਸਿੰਘ ਗਿੱਲ ਦੀ ਯੋਗ ਅਗਵਾਈ ਹੇਠ, ਅੱਜ ਜਲੰਧਰ, ਫਿਲੌਰ ਅਤੇ ਨਕੋਦਰ ਦੇ ਜੁਡੀਸ਼ੀਅਲ ਕੋਰਟ ਕੰਪਲੈਕਸਾਂ ਵਿੱਚ ਕੌਮੀ ਲੋਕ ਅਦਾਲਤ ਲਗਾਈ ਗਈ। ਇਸ ਲੋਕ ਅਦਾਲਤ ਵਿੱਚ ਸਾਰੇ ਤਰ੍ਹਾਂ ਦੇ ਅਦਾਲਤਾਂ ਵਿਚ ਲੰਬਿਤ ਸਿਵਲ ਕੇਸ, ਵਿਆਹ ਸਬੰਧੀ ਕੇਸ, ਐਮ.ਏ.ਸੀ.ਟੀ. ਕੇਸ, ਰਾਜ਼ੀਨਾਮਾ ਯੋਗ ਫੌਜਦਾਰੀ ਕੇਸ, ਟ?ਰੈਫਿਕ ਚਲਾਨ ਅਤੇ ਬੈਂਕਾਂ, ਵਿੱਤੀ ਸੰਸਥਾਵਾਂ, ਬੀ.ਐਸ.ਐਨ.ਐਲ., ਪੀ.ਐਸ.ਪੀ.ਸੀ.ਐਲ. ਅਤੇ ਮਾਲ ਵਿਭਾਗ ਨਾਲ ਸਬੰਧਤ ਮੁਕੱਦਮੇ ਤੋਂ ਪਹਿਲਾਂ ਵਾਲੇ ਕੇਸ ਆਦਿ ਸੁਣਵਾਈ ਲਈ ਲਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਜਲੰਧਰ ਸ਼੍ਰੀ ਨਿਰਭਉ ਸਿੰਘ ਗਿੱਲ ਨੇ ਦੱਸਿਆ ਕਿ ਜਲੰਧਰ ਵਿੱਚ 22, ਫਿਲੌਰ ਵਿੱਚ 3 ਅਤੇ ਨਕੋਦਰ ਵਿੱਚ 02 ਕੁੱਲ 27 ਬੈਂਚਾਂ ਦਾ ਗਠਨ ਕੀਤਾ ਗਿਆ ਸੀ। ਉਨ੍ਹਾਂ ਅੱਗੇ ਦੱਸਿਆ ਕਿ ਲੋਕ ਅਦਾਲਤ ਵਿੱਚ ਕੁੱਲ 48354 ਕੇਸ ਸੁਣਵਾਈ ਲਈ ਲਏ ਗਏ ਅਤੇ ਇਨ੍ਹਾਂ ਵਿੱਚੋਂ 47452 ਕੇਸਾਂ ਦਾ ਰਾਜ਼ੀਨਾਮੇ ਰਾਹੀਂ ਨਿਪਟਾਰਾ ਕੀਤਾ ਗਿਆ। ਲੋਕ ਅਦਾਲਤ ਵਿੱਚ 503319790/- (50 ਕਰੋੜ 33 ਲੱਖ 19 ਹਜਾਰ 790/-)ਰੁਪਏ ਦੇ ਅਵਾਰਡ ਨਿਪਟਾਏ ਗਏ। ਸੀ.ਜੇ.ਐਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਜਲੰਧਰ ਰਾਹੁਲ ਕੁਮਾਰ ਨੇ ਜਲੰਧਰ ਵਿੱਚ ਗਠਿਤ ਬੈਂਚਾਂ ਦਾ ਨਿਰੀਖਣ ਵੀ ਕੀਤਾ। ਅੱਜ ਦੀ ਲੋਕ ਅਦਾਲਤ ਵਿਚ ਇੱਕ ਕੇਸ ਵਿਚ ਮਾਨਯੋਗ ਅਦਾਲਤ ਵੱਲੋਂ ਇੱਕ ਮਾਂ ਦੀ ਪਟੀਸ਼ਨ 'ਤੇ ਫੈਸਲਾ ਕਰਦੇ ਹੋਏ ਉਸਦੇ ਬੇਟੇ ਨੂੰ 10,000/- ਰੁਪਏ ਮਹੀਨਾ ਬਤੌਰ ਖਰਚਾ ਦੇਣ ਸਬੰਧੀ ਦੋਨਾਂ ਧਿਰਾਂ ਦੇ ਰਜਾਮੰਦੀ ਨਾਲ ਫੈਸਲਾ ਹੋਇਆ। ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਅੱਗੇ ਦੱਸਿਆ ਕਿ ਲੋਕ ਅਦਾਲਤ ਰਾਹੀਂ ਲੋਕਾਂ ਨੂੰ ਤੇਜ਼ੀ ਨਾਲ ਨਿਆਂ ਮਿਲਦਾ ਹੈ। ਲੋਕ ਅਦਾਲਤ ਦਾ ਫੈਸਲਾ ਅੰਤਿਮ ਹੁੰਦਾ ਹੈ ਅਤੇ ਇਸ ਫੈਸਲੇ ਵਿਰੁੱਧ ਕੋਈ ਅਪੀਲ ਦਾਇਰ ਨਹੀਂ ਕੀਤੀ ਜਾ ਸਕਦੀ। ਫੈਸਲਾ ਦੋਵਾਂ ਧਿਰਾਂ ਵਿਚਕਾਰ ਆਪਸੀ ਸਮਝੌਤੇ ਦੇ ਆਧਾਰ 'ਤੇ ਦਿੱਤਾ ਜਾਂਦਾ ਹੈ। ਲੋਕ ਅਦਾਲਤਾਂ ਭਾਈਚਾਰਕ ਸਾਂਝ ਵਧਾਉਂਦੀਆਂ ਹਨ। ਇਸ ਤੋਂ ਇਲਾਵਾ, ਅਰਜ਼ੀਕਰਤਾ ਵੱਲੋਂ ਅਦਾ ਕੀਤੀ ਗਈ ਅਦਾਲਤੀ ਕੋਰਟ ਫੀਸ ਵੀ ਵਾਪਸ ਕਰ ਦਿੱਤੀ ਜਾਂਦੀ ਹੈ। ਇਸ ਸਬੰਧੀ ਸੀ.ਜੇ.ਐਮ.-ਕਮ-ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਰਾਹੁਲ ਕੁਮਾਰ ਨੇ ਦੱਸਿਆ ਕਿ ਸਮੇਂ-ਸਮੇਂ 'ਤੇ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਜਾਂਦਾ ਹੈ ਤਾਂ ਜੋ ਕੇਸਾਂ ਦਾ ਨਿਪਟਾਰਾ ਆਪਸੀ ਸਮਝੌਤੇ ਰਾਹੀਂ ਕੀਤਾ ਜਾ ਸਕੇ। ਲੋਕ ਅਦਾਲਤ ਵਿੱਚ ਕੇਸ ਲਗਾਉਣ ਅਤੇ ਕਿਸੇ ਵੀ ਕਾਨੂੰਨੀ ਮਾਮਲੇ ਬਾਰੇ ਸਲਾਹ/ਮੁਫ਼ਤ ਕਾਨੂੰਨੀ ਸਹਾਇਤਾ ਬਾਰੇ ਜਾਣਕਾਰੀ ਲਈ, ਕੋਈ ਵੀ ਵਿਅਕਤੀ ਟੋਲ ਫ?ਰੀ ਨੰਬਰ 15100 'ਤੇ ਸੰਪਰਕ ਕਰ ਸਕਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅਗਲੀ ਲੋਕ ਅਦਾਲਤ 09.05.2026 ਨੂੰ ਲੱਗੇਗੀ। ਇਸ ਮੌਕੇ ਜ਼ਿਲ੍ਹਾ ਬਾਰ ਐਸੋਸੀਏਸ਼ਨ, ਜਲੰਧਰ ਦੇ ਪ੍ਰਧਾਨ, ਸਕੱਤਰ ਅਤੇ ਅਹੁਦੇਦਾਰ ਮੌਜੂਦ ਸਨ।

### ਪੀਆਈਬੀ ਚੰਡੀਗੜ੍ਹ ਦੇ ਪੱਤਰਕਾਰ ਵਫ਼ਦ ਨੇ ਬੀਐੱਸਐੱਫ ਦੀਆਂ ਸਰਹੱਦ ਨਾਲ ਸਬੰਧਤ ਗਤੀਵਿਧੀਆਂ ਦੇਖੀਆਂ

# ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਦੇਸ਼ ਦੇ ਸਰਹੱਦੀ ਖੇਤਰਾਂ 'ਚ ਪਹੁੰਚ ਰਿਹਾ ਹੈ ਵਿਕਾਸ

ਜ਼ਿਕਰ ਪੰਜਾਬ
**ਜੋਧਪੁਰ/ਬਿਊਰੋ**

ਰਾਜਸਥਾਨ ਦੇ ਦੌਰੇ 'ਤੇ ਗਏ ਪੀਆਈਬੀ ਚੰਡੀਗੜ੍ਹ ਦੇ ਪੱਤਰਕਾਰਾਂ ਦੇ ਵਫ਼ਦ ਨੇ ਅੱਜ ਲੌਂਗੇਵਾਲਾ, ਤਨੋਟ ਅਤੇ ਸਰਹੱਦੀ ਖੇਤਰਾਂ ਵਿੱਚ ਸੀਮਾ ਸੁਰੱਖਿਆ ਬਲ (ਬੀਐੱਸਐੱਫ) ਵਲੋਂ ਚਲਾਏ ਜਾ ਰਹੇ ਵੱਖ-ਵੱਖ ਪ੍ਰੋਜੈਕਟਾਂ ਅਤੇ ਗਤੀਵਿਧੀਆਂ ਨੂੰ ਦੇਖਿਆ। ਇਸ ਦੌਰੇ ਦੌਰਾਨ, ਵਫ਼ਦ ਨੇ ਸਰਹੱਦੀ ਖੇਤਰਾਂ ਵਿੱਚ ਸੁਰੱਖਿਆ, ਸਿਖਲਾਈ ਅਤੇ ਰਣਨੀਤਕ ਤਿਆਰੀ ਬਾਰੇ ਕੀਮਤੀ ਜਾਣਕਾਰੀ ਪ੍ਰਾਪਤ ਕੀਤੀ। ਬੀਐੱਸਐੱਫ ਅਧਿਕਾਰੀਆਂ ਨੇ ਸਰਹੱਦੀ ਖੇਤਰਾਂ ਵਿੱਚ ਕੰਮ ਕਰਨ ਦੀਆਂ ਵਿਸ਼ੇਸ਼ ਸਥਿਤੀਆਂ ਅਤੇ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਬਾਰੇ ਵਿਸਥਾਰਤ ਜਾਣਕਾਰੀ ਪ੍ਰਦਾਨ ਕੀਤੀ। ਪੀਆਈਬੀ ਦੇ ਪੱਤਰਕਾਰਾਂ ਦੇ ਵਫ਼ਦ ਨੇ ਸੁਰੱਖਿਆ ਪ੍ਰਣਾਲੀ ਨੂੰ ਹੋਰ




ਮਜ਼ਬੂਤ ਕਰਨ ਲਈ ਬੀਐੱਸਐੱਫ ਦੀਆਂ ਵੱਖ-ਵੱਖ ਪਹਿਲਕਦਮੀਆਂ, ਨਵੀਨਤਾਵਾਂ, ਸਥਾਨਕ ਲੋਕਾਂ ਨਾਲ ਤਾਲਮੇਲ ਅਤੇ ਯਤਨਾਂ ਦੀ ਸ਼ਲਾਘਾ ਕੀਤੀ। ਦੌਰੇ ਦੌਰਾਨ, ਵਫ਼ਦ ਨੇ ਲੌਂਗੇਵਾਲਾ ਜੰਗੀ ਮੈਦਾਨ ਅਤੇ ਅਜਾਇਬ ਘਰ ਦਾ ਦੌਰਾ ਕੀਤਾ। ਵਫ਼ਦ ਨੇ ਤਨੋਟ ਵਿੱਚ ਸੀਮਾ ਸੁਰੱਖਿਆ ਬਲ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਤਨੋਟ ਮਾਤਾ ਮੰਦਰ ਦੇ ਇਤਿਹਾਸ ਬਾਰੇ ਜਾਣਿਆ। ਜੈਸਲਮੇਰ ਵਿੱਚ ਇਤਿਹਾਸਕ ਸ਼੍ਰੀ ਤਨੋਟ ਮੰਦਰ ਦਾ ਇੱਕ ਸ਼ਾਨਦਾਰ ਇਤਿਹਾਸ ਹੈ। ਇਹ ਮੰਨਿਆ ਜਾਂਦਾ ਹੈ ਕਿ ਤਨੋਟ ਮਾਤਾ ਜਵਾਨਾਂ ਨੂੰ ਦੁਸ਼ਮਣਾਂ ਨਾਲ ਲੜਨ ਅਤੇ ਜੰਗ ਦੌਰਾਨ ਦੇਸ਼ ਦੀ ਰਾਖੀ ਕਰਨ ਦੀ ਸ਼ਕਤੀ ਦਿੰਦੀ ਹੈ। 1965 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ, ਪਾਕਿਸਤਾਨ ਨੇ ਸ਼੍ਰੀ ਤਨੋਟ ਮਾਤਾ ਮੰਦਰ ਕੰਪਲੈਕਸ 'ਤੇ ਕਈ ਬੰਬ ਸੁੱਟੇ ਸਨ, ਪਰ ਮਾਨਤਾ ਅਨੁਸਾਰ, ਤਨੋਟ ਮਾਤਾ ਦੇ ਚਮਤਕਾਰ ਕਾਰਨ ਕੋਈ ਵੀ ਬੰਬ ਨਹੀਂ ਫਟਿਆ। ਇਸ ਸੰਦਰਭ ਵਿੱਚ, ਵਫ਼ਦ ਨੇ ਜੈਸਲਮੇਰ ਵਿੱਚ ਸਰਹੱਦੀ ਸੈਰ-ਸਪਾਟਾ ਵਿਕਾਸ ਪ੍ਰੋਗਰਾਮ ਦੇ ਤਹਿਤ ਸ਼੍ਰੀ ਤਨੋਟ ਮੰਦਰ ਕੰਪਲੈਕਸ ਪ੍ਰੋਜੈਕਟ ਦਾ ਵੀ ਦੌਰਾ ਕੀਤਾ। ਇਸ ਪ੍ਰੋਜੈਕਟ ਦੇ ਤਹਿਤ, ਮੰਦਰ ਵਿੱਚ ਆਉਣ ਵਾਲੇ ਨੌਜਵਾਨ ਸ਼੍ਰੀ ਤਨੋਟ ਮਾਤਾ ਮੰਦਰ ਦੇ ਦਰਸ਼ਨ ਕਰ ਸਕਣਗੇ ਅਤੇ ਦੇਸ਼ ਦੇ ਬਹਾਦਰ ਜਵਾਨਾਂ ਦੀ ਬਹਾਦਰੀ ਅਤੇ ਕੁਰਬਾਨੀ ਦੇ ਇਤਿਹਾਸ ਬਾਰੇ ਨੇੜਿਓਂ ਜਾਣ ਸਕਣਗੇ। ਇਸ ਪ੍ਰੋਜੈਕਟ ਦੇ ਤਹਿਤ, ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਵੇਟਿੰਗ ਰੂਮ, ਰੰਗਭੂਮੀ , ਵਿਆਖਿਆ ਕੇਂਦਰ, ਬਾਲ ਭਵਨ ਅਤੇ ਹੋਰ ਜ਼ਰੂਰੀ ਸਹੂਲਤਾਂ ਵਿਕਸਿਤ ਕੀਤੀਆਂ ਜਾ ਰਹੀਆਂ ਹਨ। ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ, ਦੇਸ਼ ਦੇ ਸਰਹੱਦੀ ਖੇਤਰਾਂ ਵਿੱਚ ਵਿਕਾਸ ਪਹੁੰਚ ਰਿਹਾ ਹੈ। ਸਰਹੱਦੀ ਸੈਰ-ਸਪਾਟੇ ਦੀ ਦੂਰਦਰਸ਼ੀ ਪਹਿਲ ਦੇ ਨਤੀਜੇ ਵਜੋਂ, ਨਾ ਸਿਰਫ ਸਰਹੱਦੀ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋ ਰਿਹਾ ਹੈ, ਸਗੋਂ, ਜਿਸ ਨਾਲ ਖੇਤਰ ਦੀ ਸੁਰੱਖਿਆ ਮਜ਼ਬੂਤ ਹੋ ਰਹੀ ਹੈ। ਸਰਹੱਦੀ ਖੇਤਰ ਦੇ ਦੌਰੇ ਦੌਰਾਨ, ਵਫ਼ਦ ਨੇ ਸੀਮਾ ਸੁਰੱਖਿਆ ਬਲ ਵਲੋਂ ਬਰਕਰਾਰ ਰੱਖੀ ਗਈ ਮਜ਼ਬੂਤ ਸਰਹੱਦੀ ਸੁਰੱਖਿਆ ਪ੍ਰਣਾਲੀ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ। ਬੀਐੱਸਐੱਫ ਨਵੀਨਤਾਕਾਰੀ ਤਕਨਾਲੋਜੀਆਂ ਅਤੇ ਆਧੁਨਿਕ ਸਰੋਤਾਂ ਦੀ ਵਰਤੋਂ 'ਤੇ ਵੀ ਵਿਸ਼ੇਸ਼ ਜ਼ੋਰ ਦੇ ਰਿਹਾ ਹੈ। ਇਸ ਦੌਰੇ ਦੌਰਾਨ, ਵਫ਼ਦ ਨੇ ਮਾਰੂਥਲ ਖੇਤਰ ਵਿੱਚ ਸਰਹੱਦੀ ਸੁਰੱਖਿਆ ਨਾਲ ਸਬੰਧਤ ਚੁਣੌਤੀਆਂ, ਤਕਨੀਕੀ ਸਰੋਤਾਂ ਦੀ ਵਰਤੋਂ, ਮੁਸ਼ਕਲ ਵਾਤਾਵਰਣ ਸਥਿਤੀਆਂ ਵਿੱਚ ਕੀਤੀ ਗਈ ਸਿਖਲਾਈ ਅਤੇ ਸਰਹੱਦੀ ਪ੍ਰਬੰਧਨ ਦੇ ਵੱਖ-ਵੱਖ ਪਹਿਲੂਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕੀਤੀ।

# ਜਲਿਆਂਵਾਲਾ ਬਾਗ 'ਚੋਂ ਸ਼ਹੀਦਾਂ ਦੀਆਂ ਫੋਟੋਆਂ ਗਾਇਬ ਹੋਣਾ ਅਤੇ ਸ਼ਹੀਦ ਊਧਮ ਸਿੰਘ ਦੀ ਫੋਟੋ ਨਾਲੋਂ ਸ਼ਹੀਦ ਸ਼ਬਦ ਹਟਾਉਣਾ ਚਿੰਤਾ ਦਾ ਵਿਸ਼ਾ : ਬਾਵਾ

ਜ਼ਿਕਰ ਪੰਜਾਬ
**ਲੁਧਿਆਣਾ/ਤਮੰਨਾ ਬੇਦੀ**

ਜਲਿਆਂਵਾਲਾ ਬਾਗ ਅੰਮ੍ਰਿਤਸਰ ਵਿਖੇ ਨਵੀਨੀਕਰਨ ਅਤੇ ਸੁੰਦਰੀਕਰਨ ਕਰਨ ਸਮੇਂ ਆਪਣੀ ਜਾਨ ਦੀ ਅਹੂਤੀ ਦੇਸ਼ ਲਈ ਦੇਣ ਵਾਲੇ ਮਹਾਨ ਸ਼ਹੀਦਾਂ ਦੀਆਂ ਗੈਲਰੀ ਵਿੱਚ ਤਸਵੀਰਾਂ ਅਤੇ ਤਖਤੀਆਂ ਗਾਇਬ ਹੋਣਾ ਚਿੰਤਾ ਦਾ ਵਿਸ਼ਾ ਹੈ। ਇਹ ਸ਼ਬਦ ਅੱਜ ਇੱਕ ਲਿਖਤੀ ਬਿਆਨ ਰਾਹੀਂ ਪੰਜਾਬੀ ਦੇ ਪ੍ਰਮੁੱਖ ਅਖਬਾਰ ਵਿੱਚ ਲੱਗੀ ਖਬਰ ਪੜਨ ਤੋਂ ਬਾਅਦ ਦੇਸ਼ ਭਗਤ ਯਾਦਗਾਰੀ ਸੋਸਾਇਟੀ ਪੰਜਾਬ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਨੇ ਕਹੇ। ਸ੍ਰੀ ਬਾਵਾ ਨੇ ਕਿਹਾ ਕਿ ਮਹਾਨ ਆਜ਼ਾਦੀ ਘੁਲਾਟੀਏ ਸਾਡੇ ਦੇਸ਼ ਦਾ ਵਡਮੁੱਲਾ ਸਰਮਾਇਆ ਹਨ। ਉਹਨਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਸੂਬਾ ਸਰਕਾਰ ਵੱਲੋਂ ਮਨਮਾਨੀਆਂ ਕਰਕੇ ਸ਼ਹੀਦਾਂ ਦੀਆਂ ਫੋਟੋਆਂ ਸਿਰਫ



ਦਫਤਰਾਂ ਵਿੱਚ ਲਗਾਉਣਾ ਲੋਕ ਵਿਖਾਵਾ ਬਣ ਕੇ ਰਹਿ ਗਈਆਂ ਹਨ ਪਰ ਉਹਨਾਂ ਦੀ ਸੋਚ, ਸੱਚਾਈ, ਦੇਸ਼ ਭਗਤੀ ਤੋਂ ਕੋਹਾਂ ਦੂਰ ਸੋਚ ਦੇ ਮਾਲਕ ਸਿਆਸੀ ਕੁਰਸੀਆਂ 'ਤੇ ਬਿਰਾਜਮਾਨ ਹੋ ਕੇ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਬਣਾਉਣ ਦਾ ਭਾਸ਼ਣ ਸਿਰਫ 15 ਅਗਸਤ ਅਤੇ 26 ਜਨਵਰੀ ਨੂੰ ਦਿੰਦੇ ਹਨ। ਉਹਨਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਦੀ ਤਸਵੀਰ ਨਾਲੋਂ ਸ਼ਹੀਦ ਸ਼ਬਦ ਹਟਾਉਣਾ ਅਤੀ ਨਿੰਦਣਯੋਗ ਕਾਰਵਾਈ ਹੈ। ਉਹਨਾਂ ਕਿਹਾ ਕਿ ਜਿਸ ਵਕੀਲ ਨੇ ਜਲਿਆਂਵਾਲੇ ਬਾਗ ਦੀ ਘਟਨਾ ਦਾ ਕੇਸ ਲੜਿਆ ਅਤੇ ਸੱਚਾਈ ਬਿਆਨ ਕੀਤੀ ਉਸ ਵਕੀਲ ਚੇਤੂਰ ਸ਼ੰਕਰਨ ਨਾਇਰ ਦੀ ਤਸਵੀਰ ਅਤੇ ਲਿਖਤਾਂ ਗਾਇਬ ਕਰਨ ਵਾਲੀ ਸੰਸਥਾ ਖਿਲਾਫ ਉਪਰੋਕਤ ਬੇਨਿਯਮੀਆਂ ਨੂੰ ਦੇਖਦੇ ਹੋਏ ਐਕਸ਼ਨ ਲਿਆ ਜਾਵੇ। ਬਾਵਾ ਨੇ ਕਿਹਾ ਕਿ ਭਾਰਤ ਦੇ ਖੂਬਸੂਰਤ ਗੁਲਦਸਤੇ ਦੇ ਰਾਖੇ ਮਹਾਨ ਸ਼ਹੀਦਾਂ ਦੇ ਨਾਮ 'ਤੇ ਸਿਰਫ ਸਿਆਸੀ ਰੋਟੀਆਂ ਹੀ ਸੇਕਦੇ ਹਨ। ਉਹਨਾਂ ਅੰਦਰ ਦੇਸ਼ ਭਗਤੀ, ਦੇਸ਼ ਪਿਆਰ ਨਾਮ ਦੀ ਕੋਈ ਚੀਜ਼ ਨਹੀਂ।

# ਲਿਵਾਸਾ ਹਸਪਤਾਲ ਵੱਲੋਂ ਲੁਧਿਆਣਾ ਵਿੱਚ 360 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਵੇਗਾ: ਸੰਜੀਵ ਅਰੋੜਾ

## ਪੰਜਾਬ ਸਰਕਾਰ ਸੂਬੇ ਨੂੰ ਮੈਡੀਕਲ ਹੱਬ ਬਣਾਉਣ ਲਈ ਵਚਨਬੱਧ

ਜ਼ਿਕਰ ਪੰਜਾਬ
**ਚੰਡੀਗੜ੍ਹ/ਬਿਊਰੋ**

ਸੂਬੇ ਦੇ ਮਜ਼ਬੂਤ ਮੈਡੀਕਲ ਬੁਨਿਆਦੀ ਢਾਂਚੇ ਅਤੇ ਤੀਜੇ ਦਰਜੇ ਦੇ ਹਸਪਤਾਲਾਂ ਦੀ ਵਧ ਰਹੀ ਗਿਣਤੀ ਸਦਕਾ ਪੰਜਾਬ ਉੱਤਰੀ ਭਾਰਤ ਵਿੱਚ ਇੱਕ ਪ੍ਰਮੁੱਖ ਸਿਹਤ ਸੰਭਾਲ ਕੇਂਦਰ ਵਜੋਂ ਉੱਭਰ ਰਿਹਾ ਹੈ। ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਅੱਜ ਐਲਾਨ ਕੀਤਾ ਕਿ ਲਿਵਾਸਾ ਹਸਪਤਾਲ ਵੱਲੋਂ 360 ਕਰੋੜ ਰੁਪਏ ਦੇ ਨਿਵੇਸ਼ ਨਾਲ ਲੁਧਿਆਣਾ ਵਿਖੇ ਨਵਾਂ ਮਲਟੀ-ਸਪੈਸ਼ਲਿਟੀ ਹਸਪਤਾਲ ਬਣਾਇਆ ਜਾਵੇਗਾ। ਇਹ ਪੰਜਾਬ ਦੀ ਸਿਹਤ ਸੰਭਾਲ ਸਮਰੱਥਾ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਹੋਰ ਅਹਿਮ ਮੀਲ ਪੱਥਰ ਹੈ। ਉਨ੍ਹਾਂ ਕਿਹਾ ਕਿ ਲਿਵਾਸਾ ਹਸਪਤਾਲਾਂ ਵੱਲੋਂ ਲੁਧਿਆਣਾ ਵਿਖੇ 368 ਬੈੱਡਾਂ ਵਾਲਾ ਮਲਟੀ-ਸਪੈਸ਼ਲਿਟੀ ਤੀਜੇ ਦਰਜੇ ਦੀ ਦੇਖਭਾਲ ਵਾਲਾ ਹਸਪਤਾਲ ਬਣਾਉਣ ਲਈ ਪ੍ਰਾਈਮਵਾਕ ਇਨਫਰਾ ਪ੍ਰਾਈਵੇਟ ਲਿਮਟਿਡ ਨਾਲ ਲੰਬੇ ਸਮੇਂ ਲਈ ਸਮਝੌਤਾ ਸਹੀਬੱਧ ਕੀਤਾ ਗਿਆ ਹੈ। ਇਹ ਹਸਪਤਾਲ ਨੈਸ਼ਨਲ ਹਾਈਵੇ 'ਤੇ ਸਥਿਤ ਸ਼ੇਰਪੁਰ ਚੌਂਕ ਵਿਖੇ ਬਣਾਇਆ ਜਾ ਰਿਹਾ ਹੈ ਤਾਂ ਜੋ ਲੁਧਿਆਣਾ ਅਤੇ ਨੇੜਲੇ ਜ਼ਿਲ੍ਹਿਆਂ ਦੇ ਮਰੀਜ਼ਾਂ ਦੀ ਪਹੁੰਚ ਨੂੰ ਯਕੀਨੀ ਬਣਾਇਆ ਜਾ ਸਕੇ। ਇਹ ਹਸਪਤਾਲ ਇਸ ਸਮੇਂ ਨਿਰਮਾਣ ਅਧੀਨ ਹੈ ਅਤੇ ਅਗਲੇ 18 ਮਹੀਨਿਆਂ ਵਿੱਚ ਪੜਾਵਾਂ ਅਧੀਨ ਕਾਰਜਸ਼ੀਲ ਹੋ ਜਾਵੇਗਾ। ਪ੍ਰੋਜੈਕਟ ਦੇ ਪੱਧਰ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਹਸਪਤਾਲ ਦਾ ਬਿਲਟ ਏਰੀਆ 2.3 ਲੱਖ ਵਰਗ ਫੁੱਟ ਤੋਂ ਵੱਧ ਹੈ ਅਤੇ ਇਹ 9,500 ਤੋਂ ਵੱਧ



ਵਰਗ ਗਜ਼ ਦੀ ਫਰੀਹੋਲਡ ਜ਼ਮੀਨ 'ਤੇ ਵਿਕਸਿਤ ਕੀਤਾ ਜਾਵੇਗਾ। ਲਿਵਾਸਾ ਗਰੁੱਪ ਵੱਲੋਂ ਇਸ ਪ੍ਰੋਜੈਕਟ 'ਤੇ ਅਨੁਮਾਨਤ 235 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾ ਰਿਹਾ ਹੈ ਅਤੇ ਜ਼ਮੀਨ ਮਾਲਕਾਂ ਦੇ ਯੋਗਦਾਨ ਸਮੇਤ ਇਹ 360 ਕਰੋੜ ਰੁਪਏ ਹੋ ਜਾਵੇਗਾ। ਇਸ ਪ੍ਰੋਜੈਕਟ ਨੂੰ ਪੀਰਾਮਲ ਗਰੁੱਪ ਅਤੇ ਬੈਨ ਕੈਪੀਟਲ ਦੀ ਸਪੈਸ਼ਲ ਸਿਚੂਏਸ਼ਨ ਟੀਮ ਦੇ ਸਾਂਝੇ ਉੱਦਮ, ਇੰਡੀਆ ਰੀਸੁਰਜੈਂਸ ਫੰਡ (ਇੰਡੀਆਆਰਐਫ) ਦੁਆਰਾ ਸਮਰਥਨ ਦਿੱਤਾ ਜਾ ਰਿਹਾ ਹੈ। ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਦੱਸਿਆ ਕਿ ਇਹ ਨਿਵੇਸ਼ ਪੰਜਾਬ ਦੇ ਸਿਹਤ ਸੰਭਾਲ ਖੇਤਰ ਅਤੇ ਆਰਥਿਕ ਸਮਰੱਥਾ ਵਿੱਚ ਨਿਵੇਸ਼ਕਾਂ ਦੇ ਮਜ਼ਬੂਤ ਸੰਸਥਾਗਤ ਵਿਸ਼ਵਾਸ ਨੂੰ ਦਰਸਾਉਂਦਾ ਹੈ। ਲਿਵਾਸਾ ਹਸਪਤਾਲਾਂ ਵੱਲੋਂ ਪਹਿਲਾਂ ਹੀ ਪੰਜਾਬ ਵਿੱਚ ਮੋਹਾਲੀ (ਫਲੈਗਸ਼ਿਪ ਕੇਂਦਰ), ਅੰਮ੍ਰਿਤਸਰ, ਐਸਬੀਐਸ ਨਗਰ (ਨਵਾਂਸ਼ਹਿਰ), ਹੁਸ਼ਿਆਰਪੁਰ ਅਤੇ ਖੰਨਾ ਵਿੱਚ ਹਸਪਤਾਲਾਂ ਦੇ ਨਾਲ ਇੱਕ ਮਜ਼ਬੂਤ ਖੇਤਰੀ ਨੈੱਟਵਰਕ ਚਲਾਇਆ ਜਾ ਰਿਹਾ ਹੈ। ਇਸ ਨਵੇਂ ਪ੍ਰਾਜੈਕਟ ਦੇ ਨਾਲ, ਲਿਵਾਸਾ ਦਾ ਉਦੇਸ਼ ਪੰਜਾਬ ਵਿੱਚ ਆਪਣੀ ਕੁੱਲ ਸਮਰੱਥਾ ਦਾ 2,000 ਬੈਡਾਂ ਤੱਕ ਵਿਸਥਾਰ ਕਰਨਾ ਹੈ, ਜਿਸ ਨਾਲ ਸੂਬੇ ਦੇ ਉੱਨਤ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਵਿਆਪਕ ਮਜ਼ਬੂਤੀ ਮਿਲੇਗੀ। ਲਿਵਾਸਾ ਹਸਪਤਾਲ ਦੇ ਸੀਈਓ ਅਨੁਰਾਗ ਯਾਦਵ ਨੇ ਕਿਹਾ ਕਿ ਅਸੀਂ 38 ਤੋਂ ਵੱਧ ਮੈਡੀਕਲ ਸਪੈਸ਼ਲਿਟੀਜ਼, 800 ਤੋਂ ਵੱਧ ਬੈਡ, 250 ਤੋਂ ਵੱਧ ਸੀਨੀਅਰ ਸਲਾਹਕਾਰ, 280 ਆਈਸੀਯੂ ਬੈੱਡ, 20 ਆਧੁਨਿਕ ਆਪਰੇਸ਼ਨ ਥੀਏਟਰ ਅਤੇ 6 ਐਡਵਾਂਸਡ ਕੈਥ ਲੈਬਾਂ ਸਮੇਤ ਟੈਕਨਾਲੋਜੀ-ਅਧਾਰਿਤ ਤੀਜੇ ਅਤੇ ਚੌਥੇ ਦਰਜੇ ਦੀ ਸਿਹਤ ਸੰਭਾਲ ਪ੍ਰਦਾਨ ਕਰਦੇ ਹਾਂ। ਉਨ੍ਹਾਂ ਅੱਗੇ ਦੱਸਿਆ ਕਿ ਸਾਡੇ ਕੋਲ ਵਿਸ਼ੇਸ਼ ਸੇਵਾਵਾਂ ਵੀ ਉਪਲੱਬਧ ਹਨ ਜਿਹਨਾਂ ਵਿੱਚ ਕਾਰਡੀਓਲੋਜੀ ਅਤੇ ਕਾਰਡੀਅਕ ਸਰਜਰੀ, ਓਨਕੋਲੋਜੀ ਅਤੇ ਐਡਵਾਂਸ ਕੈਂਸਰ ਕੇਅਰ, ਨਿਊਰੋਲੋਜੀ ਅਤੇ ਨਿਊਰੋਸਰਜਰੀ, ਰੋਬੋਟਿਕ ਆਰਥੋਪੈਡਿਕ ਸਰਜਰੀ ਅਤੇ ਜੁਆਇੰਟ ਰਿਪਲੇਸਮੈਂਟ, ਗੈਸਟ੍ਰੋਐਂਟਰੌਲੋਜੀ ਅਤੇ ਲਿਵਰ ਕੇਅਰ, ਕਿਡਨੀ ਟ੍ਰਾਂਸਪਲਾਂਟ ਅਤੇ ਨੈਫਰੋਲੋਜੀ, 24x7 ਗੰਭੀਰ ਅਤੇ ਐਮਰਜੈਂਸੀ ਦੇਖਭਾਲ ਸ਼ਾਮਲ ਹਨ। ਸੰਜੀਵ ਅਰੋੜਾ ਨੇ ਦੱਸਿਆ ਕਿ ਇਹ ਨਿਵੇਸ਼ ਬਿਹਤਰ ਸਿਹਤ ਸੰਭਾਲ ਪਹੁੰਚ ਪ੍ਰਦਾਨ ਕਰੇਗਾ ਜਿਸ ਵਿੱਚ ਵਸਨੀਕ ਆਪਣੇ ਘਰ ਦੇ ਨਜਦੀਕ ਉੱਨਤ ਤੀਜੇ ਦਰਜੇ ਦੀ ਦੇਖਭਾਲ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ, ਅਤੇ ਉਨ੍ਹਾਂ ਨੂੰ ਦੇਖਭਾਲ ਸੇਵਾਵਾਂ ਲਈ ਦਿੱਲੀ ਜਾਂ ਹੋਰ ਮਹਾਨਗਰਾਂ ਵਿੱਚ ਜਾਣ ਦੀ ਜ਼ਰੂਰਤ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਪੰਜਾਬ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ। ਇਸ ਹਸਪਤਾਲ ਨਾਲ ਸਿਹਤ ਸੰਭਾਲ ਖੇਤਰ ਵਿੱਚ ਸੈਂਕੜੇ ਸਕਿੱਲਡ ਅਤੇ ਸੈਮੀ-ਸਕਿੱਲਡ ਨੌਕਰੀਆਂ ਪੈਦਾ ਹੋਣਗੀਆਂ। ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਵੱਲੋਂ ਪੰਜਾਬ ਨੂੰ ਮੈਡੀਕਲ ਹੱਬ ਵਜੋਂ ਵਿਕਸਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਅਤੇ ਇਸ ਪ੍ਰੋਜੈਕਟ ਨਾਲ ਪੰਜਾਬ ਉੱਤਰੀ ਭਾਰਤ ਵਿੱਚ ਉੱਨਤ ਸਿਹਤ ਸੇਵਾਵਾਂ ਲਈ ਖੇਤਰੀ ਹੱਬ ਵਜੋਂ ਉਭਰੇਗਾ। ਪੰਜਾਬ ਸਰਕਾਰ ਆਧੁਨਿਕ ਮੈਡੀਕਲ ਬੁਨਿਆਦੀ ਢਾਂਚੇ, ਉੱਨਤ ਤਕਨਾਲੋਜੀ ਅਤੇ ਮਿਆਰੀ ਕਲੀਨਿਕਲ ਸੇਵਾਵਾਂ ਵਿੱਚ ਨਿਵੇਸ਼ਾਂ ਨੂੰ ਉਤਸ਼ਾਹਿਤ ਕਰਕੇ ਇੱਕ ਮਜ਼ਬੂਤ ਸਿਹਤ ਸੰਭਾਲ ਈਕੋਸਿਸਟਮ ਬਣਾਉਣ ਲਈ ਵਚਨਬੱਧ ਹੈ। ਇਸ ਤਰ੍ਹਾਂ ਦੇ ਪ੍ਰੋਜੈਕਟ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਨਾਲ ਨਾਲ ਸੂਬੇ ਦੇ ਨਿਵੇਸ਼ ਈਕੋਸਿਸਟਮ ਨੂੰ ਵੀ ਮਜ਼ਬੂਤ ਕਰਦੇ ਹਨ।

# ਡੀ.ਬੀ.ਈ.ਈ. ਵੱਲੋਂ ਮੈਗਾ ਰੋਜ਼ਗਾਰ ਮੇਲੇ ਦਾ ਆਯੋਜਨ 20 ਨੂੰ

ਜ਼ਿਕਰ ਪੰਜਾਬ
**ਲੁਧਿਆਣਾ/ਤਮੰਨਾ ਬੇਦੀ**

ਡਿਪਟੀ ਕਮਿਸ਼ਨਰ ਲੁਧਿਆਣਾ ਹਿਮਾਂਸ਼ੂ ਜੈਨ ਵੱਲੋਂ ਜਾਣਕਾਰੀ

- **ਜੀ.ਐਨ.ਆਈ.ਐਮ.ਟੀ. 'ਚ ਲੱਗਣ ਵਾਲੇ ਰੋਜ਼ਗਾਰ ਮੇਲੇ ਦਾ ਵੱਧ ਤੋਂ ਵੱਧ ਲਾਭ ਲਿਆ ਜਾਵੇ : ਡਿਪਟੀ ਡਾਇਰੈਕਟਰ**

ਦਿੰਦਿਆਂ ਦੱਸਿਆ ਗਿਆ ਕਿ ਜਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ (ਡੀ. ਬੀ. ਬੀ. ਈ.), ਲੁਧਿਆਣਾ ਵੱਲੋਂ 20 ਮਾਰਚ (ਸ਼ੁਕਰਵਾਰ) ਨੂੰ ਸਥਾਨਕ ਗੁਰੂ ਨਾਨਕ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨੋਲੋਜੀ (ਜੀ. ਐਨ. ਆਈ. ਐਮ. ਟੀ.), ਮਾਡਲ ਟਾਊਨ ਵਿਖੇ ਮੈਗਾ ਰੋਜਗਾਰ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ



ਮੈਗਾ ਰੋਜ਼ਗਾਰ ਮੇਲੇ ਦਾ ਸਮਾਂ ਸਵੇਰੇ 9.30 ਵਜੇ ਤੋਂ ਦੁਪਹਿਰ 3 ਵਜੇ ਤੱਕ ਹੋਵੇਗਾ। ਡਿਪਟੀ ਕਮਿਸ਼ਨਰ ਜੈਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜਗਾਰ ਮੁਹੱਈਆ ਕਰਵਾਉਣ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਇਸ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿੱਥੇ ਵੱਖ-ਵੱਖ ਨਾਮੀ ਕੰਪਨੀਆਂ ਭਾਗ ਲੈ ਰਹੀਆਂ ਹਨ। ਡੀ. ਬੀ. ਈ. ਈ. ਦੇ ਡਿਪਟੀ ਡਾਇਰੈਕਟਰ ਰੁਪਿੰਦਰ ਕੌਰ ਨੇ ਦੱਸਿਆ ਕਿ ਇਸ ਕੈਂਪ ਵਿੱਚ ਉਹ ਸਾਰੇ ਪ੍ਰਾਰਥੀ ਭਾਗ ਲੈ ਸਕਦੇ ਹਨ ਜਿਨ੍ਹਾਂ ਦੀ ਯੋਗਤਾ 10ਵੀਂ, 12ਵੀਂ, ਡਿਪਲੋਮਾ, ਆਈ.ਟੀ.ਆਈ. ਗ੍ਰੇਜੂਏਟ, ਪੋਸਟ ਗ੍ਰੇਜੂਏਟ, ਬੀ.ਟੈਕ ਅਤੇ ਐਮ. ਬੀ. ਏ ਪਾਸ ਹੈ। ਚਾਹਵਾਨ ਪ੍ਰਾਰਥੀਆਂ ਲਈ ਆਪਣੀ ਅਕਾਦਮਿਕ ਯੋਗਤਾਵਾਂ ਦੇ ਅਸਲ ਸਰਟੀਫਿਕੇਟਾਂ ਸਮੇਤ ਰੀਜਿਊਮ ਦੀਆਂ 2 ਫੋਟੋ ਸਟੇਟ ਕਾਪੀਆਂ ਲੈ ਕੇ ਆਉਣੀਆਂ ਲਾਜਮੀ ਹਨ। ਡਿਪਟੀ ਡਾਇਰੈਕਟਰ ਵੱਲੋਂ ਯੋਗ ਉਮੀਦਵਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮੌਕੇ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ। ਵਧੇਰੇ ਜਾਣਕਾਰੀ ਲਈ ਡੀ. ਬੀ. ਈ.ਈ. ਦੀ ਈ-ਮੇਲ ਆਈ. ਡੀ. dbeeludhiana@gmail.com ਰਾਹੀਂ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਅਮਰੀਕਾ ਵਾਸੀ ਖੋਜੀ ਵਿਦਵਾਨ ਧਰਮ ਸਿੰਘ ਗੋਰਾਇਆ ਲਿਖਤ ਦੋ ਕਿਤਾਬਾਂ ਲੋਕ ਨਾਇਕ ਜੱਗਾ ਸੂਰਮਾ' ਤੇ 'ਅਣਖ਼ੀਲਾ ਧਰਤੀ ਪੁੱਤਰ ਦੁੱਲਾ ਭੱਟੀ' ਲੋਕ ਅਰਪਣ

ਜ਼ਿਕਰ ਪੰਜਾਬ
**ਲੁਧਿਆਣਾ/ਤਮੰਨਾ ਬੇਦੀ**



ਮੈਰੀਲੈਂਡ, ਅਮਰੀਕਾ ਵਾਸੀ ਖੋਜੀ ਵਿਦਵਾਨ ਲੇਖਕ ਧਰਮ ਸਿੰਘ ਗੋਰਾਇਆ ਦੀਆਂ ਦੋ ਖੋਜ ਆਧਾਰਿਤ ਕਿਤਾਬਾਂ 'ਲੋਕ ਨਾਇਕ ਜੱਗਾ ਸੂਰਮਾ' ਤੇ "ਅਣਖੀਲਾ ਧਰਤੀ ਪੁੱਤਰ?ਦੁੱਲਾ ਭੱਟੀ ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਵੱਲੋਂ ਪਿਛਲੇ ਦਿਨੀਂ ਸ਼ਹੀਦ ਭਗਤ ਸਿੰਘ ਨਗਰ ਵਿਖੇ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ, ਕੈਨੇਡਾ ਤੋਂ ਆਈ ਸੱਭਿਆਚਾਰਕ ਹਸਤੀ ਸੁਰਜੀਤ ਸਿੰਘ ਮਾਧੋਪੁਰੀ, ਪੰਜਾਬੀ ਲੋਕ ਗਾਇਕ ਬਲਜਿੰਦਰ ਸਿੰਘ ਬਿੱਟੂ ਖੰਨੇ ਵਾਲਾ ਤੇ ਨਿੱਜੀ ਟੀ ਵੀ ਚੈਨਲ ਪੰਨ ਪੰਜਾਬ"ਦੇ ਸੰਚਾਲਕ ਨੰਦਪ੍ਰੀਤ ਸਿੰਘ ਵੱਲੋਂ ਲੋਕ ਅਰਪਣ ਕੀਤੀਆਂ ਗਈਆਂ। ਇਸ ਮੌਕੇ ਪੰਜਾਬੀ ਮੂਲ ਦੇ ਅਮਰੀਕਾ ਵਾਸੀ ਖੋਜੀ ਵਿਦਵਾਨ ਸ. ਧਰਮ ਸਿੰਘ ਗੋਰਾਇਆ ਨੂੰ ਮੁਬਾਰਕ ਦਿੰਦਿਆਂ ਸ. ਸੁਰਜੀਤ ਸਿੰਘ ਮਾਧੋਪੁਰੀ ਨੇ ਕਿਹਾ ਕਿ ਪੰਜਾਬ ਛੱਡ ਕੇ ਵਿਦੇਸ਼ੀ ਧਰਤੀ 'ਤੇ ਵਸਦੇ ਪੰਜਾਬੀਆਂ ਨੂੰ ਵਿਰਸੇ ਦੀਆਂ ਜੜ੍ਹਾਂ ਜਾਨਣ ਤੇ ਇਸ ਨੂੰ ਪੂਰੇ ਵਿਸ਼ਵ ਵਿੱਚ ਪਹੁੰਚਾਉਣ ਦੀ ਵਧੇਰੇ ਤਾਂਘ ਹੁੰਦੀ ਹੈ। ਇਸ ਦਾ ਸੱਜਰਾ ਸਬੂਤ ਸ. ਧਰਮ ਸਿੰਘ ਗੋਰਾਇਆ ਦੀਆਂ ਇਹ ਸੱਜਰੀਆਂ ਖੋਜ ਪੁਸਤਕਾਂ "ਲੋਕ ਨਾਇਕ ਜੱਗਾ ਸੂਰਮਾ' ਤੇ ਅਣਖ਼ੀਲਾ ਧਰਤੀ ਪੁੱਤਰ ਦੁੱਲਾ ਭੱਟੀ ਹਨ। ਦੋਹਾਂ ਕਿਤਾਬਾਂ ਬਾਰੇ ਜਾਣਕਾਰੀ ਦੇਂਦਿਆਂ ਇਨ੍ਹਾਂ ਕਿਤਾਬਾਂ ਦੇ ਮੁੱਖ ਬੰਧ ਲੇਖਕ ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਦੁੱਲਾ ਭੱਟੀ ਤੇ ਜੱਗਾ ਸੂਰਮਾ ਪੰਜਾਬ ਦੀ ਅਣਖੀਲੀ ਮਿੱਟੀ ਦੇ ਇਤਿਹਾਸਕ ਕਿਰਦਾਰ ਹਨ ਜੋ ਅਕਬਰ ਬਾਦਸ਼ਾਹ ਤੋਂ ਲੈ ਕੇ ਫ਼ਰੰਗੀ ਹਕੂਮਤ ਤੀਕ ਲਗਾਨ ਮੰਗਦੇ ਹਾਕਮਾਂ ਅਤੇ ਨਿੱਕੇ-ਨਿੱਕੇ ਸ਼ਾਹੂਕਾਰਾਂ ਦੇ ਜ਼ੁਲਮ ਤੋਂ ਮੁਕਤੀ ਲਈ ਕਾਫ਼ਲਾ ਬਣਾ ਕੇ ਤੁਰਦੇ ਹਨ। ਇਨ੍ਹਾਂ ਕਿਤਾਬਾਂ ਦੇ ਲੇਖਕ ਸ. ਧਰਮ ਸਿੰਘ ਗੋਰਾਇਆ ਨੇ (ਮੈਰੀਲੈਂਡ) ਅਮਰੀਕਾ ਵਸਦਿਆਂ ਦੋਹਾਂ ਸੂਰਮਿਆਂ ਨਾਲ ਸਬੰਧਤ ਮੂਲ ਇਤਿਹਾਸਕ ਤੇ ਮੌਖਿਕ ਸੋਮਿਆਂ ਤੀਕ ਪਹੁੰਚ ਕਰ ਇਤਿਹਾਸ ਵਿੱਚ ਪਏ ਭੁਲੇਖਿਆਂ ਨੂੰ ਵੀ ਦੂਰ ਕੀਤਾ ਹੈ। ਪੰਜਾਬੀ ਲੋਕ ਗਾਇਕ ਬਲਜਿੰਦਰ ਸਿੰਘ ਬਿੱਟੂ ਖੰਨੇ ਵਾਲਾ ਨੇ ਕਿਹਾ ਕਿ ਧਰਤੀ ਕੋਈ ਵੀ ਹੋਵੇ, ਵਿਰਾਸਤ ਹਰ ਸਾਹ ਦੇ ਨਾਲ ਨਾਲ ਤੁਰਦੀ ਹੈ। ਧਰਮ ਸਿੰਘ ਗੋਰਾਇਆ ਜੀ ਨੇ ਇਹ ਕਥਨ ਸੱਚ ਕਰ ਵਿਖਾਇਆ ਹੈ। ਇਨ੍ਹਾਂ ਦੋਹਾਂ ਕਿਤਾਬਾਂ ਨੂੰ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਦਾ ਵਿਤਰਣ ਸਿੰਘ ਬਰਦਰਜ਼ ਸਿਟੀ ਸੈਂਟਰ ਅੰਮ੍ਰਿਤਸਰ ਤੇ ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ ਰਾਹੀਂ ਕੀਤਾ ਗਿਆ ਹੈ।

# ਹਾਰਲੇ ਤੋਂ ਵੋਲਵੋ ਤੱਕ: ਨੈਕਸਸ ਐਮਬੀਡੀ ਨਿਓਪੋਲਿਸ ਮਾਲ ਵਿਖੇ ਲੁਧਿਆਣਾ ਦਾ ਸਭ ਤੋਂ ਵੱਡਾ ਆਟੋ ਸ਼ੋਅ

ਜ਼ਿਕਰ ਪੰਜਾਬ
**ਲੁਧਿਆਣਾ/ਵਾਸੂ ਜੇਤਲੀ**

ਸ਼ਹਿਰ ਦੇ ਪ੍ਰਮੁੱਖ ਖਰੀਦਦਾਰੀ ਅਤੇ ਜੀਵਨ ਸ਼ੈਲੀ ਸਥਾਨ, ਨੈਕਸਸ ਐਮਬੀਡੀ ਨਿਓਪੋਲਿਸ ਮਾਲ ਨੇ 13-15 ਮਾਰਚ, 2026 ਤੱਕ ਇੱਕ ਦਿਲਚਸਪ ਆਟੋ ਸ਼ੋਅ ਦੀ ਮੇਜ਼ਬਾਨੀ ਕਰਨ ਲਈ ਐਫਿਨਿਟੀ ਐਕਸਪੋ ਨਾਲ ਭਾਈਵਾਲੀ ਕੀਤੀ ਹੈ। ਇਹ ਤਿੰਨ ਦਿਨਾਂ ਪ੍ਰਦਰਸ਼ਨੀ ਦੁਨੀਆ ਦੇ ਕੁਝ ਪ੍ਰਮੁੱਖ ਆਟੋਮੋਬਾਈਲ ਅਤੇ ਮੋਟਰਸਾਈਕਲ ਬ੍ਰਾਂਡਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਠਾ ਕਰਕੇ, ਲੋਕਾਂ ਨੂੰ ਆਪਣੇ ਮਨਪਸੰਦ ਵਾਹਨਾਂ ਨੂੰ ਨੇੜੇ ਤੋਂ ਦੇਖਣ ਅਤੇ ਅਨੁਭਵ ਕਰਨ ਦਾ ਮੌਕਾ ਦੇ ਰਹੀ ਹੈ। ਇਸ ਪ੍ਰੋਗਰਾਮ ਵਿੱਚ ਬਹੁਤ ਸਾਰੇ ਵੱਕਾਰੀ ਬ੍ਰਾਂਡ ਹਿੱਸਾ ਲੈ ਰਹੇ ਹਨ। ਰਾਇਲ ਐਨਫੀਲਡ ਆਪਣੇ ਫਲੈਗਸ਼ਿਪ ਟੂਰਿੰਗ ਕਰੂਜ਼ਰ, ਰਾਇਲ ਐਨਫੀਲਡ




ਸੁਪਰ ਮੀਟੀਅਰ 650 ਦਾ ਪ੍ਰਦਰਸ਼ਨ ਕਰ ਰਿਹਾ ਹੈ, ਜੋ ਆਪਣੀ ਸ਼ਕਤੀ ਅਤੇ ਲੰਬੀ ਦੂਰੀ ਦੀ ਸਵਾਰੀ ਦੇ ਆਰਾਮ ਲਈ ਜਾਣਿਆ ਜਾਂਦਾ ਹੈ। ਹਾਰਲੇ-ਡੇਵਿਡਸਨ ਦੋ ਪ੍ਰਤਿਸ਼ਠਾਵਾਨ ਮੋਟਰਸਾਈਕਲਾਂ, ਹਾਰਲੇ-ਡੇਵਿਡਸਨ ਨਾਈਟਸਟਰ ਅਤੇ ਮਸ਼ਹੂਰ ਹਾਰਲੇ-ਡੇਵਿਡਸਨ ਫੈਟ ਬੁਆਏ ਦਾ ਪ੍ਰਦਰਸ਼ਨ ਕਰ ਰਿਹਾ ਹੈ, ਜੋ ਆਪਣੇ ਵਿਲੱਖਣ ਡਿਜ਼ਾਈਨ ਅਤੇ ਪ੍ਰਦਰਸ਼ਨ ਲਈ ਜਾਣੇ ਜਾਂਦੇ ਹਨ। ਚਾਰ-ਪਹੀਆ ਵਾਹਨਾਂ ਵਿੱਚੋਂ, ਟੋਇਟਾ ਟੋਇਟਾ ਕੈਮਰੀ ਦਾ ਪ੍ਰਦਰਸ਼ਨ ਕਰ ਰਹੀ ਹੈ, ਜਦੋਂ ਕਿ ਸਕੋਡਾ ਆਟੋ ਬ੍ਰਾਂਡ ਦੇ ਨਵੀਨਤਮ ਡਿਜ਼ਾਈਨ ਅਤੇ ਤਕਨਾਲੋਜੀ ਨੂੰ ਉਜਾਗਰ ਕਰਦੇ ਹੋਏ ਨਵੇਂ ਸਕੋਡਾ ਕਾਈਲੈਕ ਦਾ ਪ੍ਰਦਰਸ਼ਨ ਕਰ ਰਹੀ ਹੈ। ਪ੍ਰੀਮੀਅਮ ਆਟੋਮੋਬਾਈਲ ਬ੍ਰਾਂਡ ਵੋਲਵੋ ਕਾਰਜ਼ ਵੋਲਵੋ ਐਕਸਸੀ60 ਦਾ ਪ੍ਰਦਰਸ਼ਨ ਕਰ ਰਹੀ ਹੈ, ਜੋ ਆਪਣੀ ਲਗਜ਼ਰੀ, ਸੁਰੱਖਿਆ ਅਤੇ ਸਕੈਂਡੇਨੇਵੀਅਨ ਕਰਾਫਟਸਮੈਨਸ਼ਿਪ ਲਈ ਜਾਣੀ ਜਾਂਦੀ ਹੈ। ਐਮਜੀ ਮੋਟਰ ਸਿਲੈਕਟ ਐਮਜੀ ਐਮ9 ਦਾ ਪ੍ਰਦਰਸ਼ਨ ਕਰਕੇ ਇਸ ਸ਼ੋਅ ਵਿੱਚ ਰੋਮਾਂਚ ਪੈਦਾ ਕਰ ਰਿਹਾ ਹੈ। ਪੰਜਾਬ ਭਰ ਦੇ ਆਟੋਮੋਬਾਈਲ ਉਤਸ਼ਾਹੀਆਂ ਲਈ ਇੱਕ ਇਮਰਸਿਵ ਅਨੁਭਵ ਵਜੋਂ ਤਿਆਰ ਕੀਤਾ ਗਿਆ ਇਹ ਆਟੋ ਸ਼ੋਅ ਲਾਈਵ ਵਾਹਨ ਪ੍ਰਦਰਸ਼ਨਾਂ ਅਤੇ ਇੱਕ ਇੰਟਰਐਕਟਿਵ ਬ੍ਰਾਂਡ ਜ਼ੋਨ ਦੀ ਵਿਸ਼ੇਸ਼ਤਾ ਰੱਖਦਾ ਹੈ, ਜਿਸ ਨਾਲ ਲੋਕ ਬ੍ਰਾਂਡ ਪ੍ਰਤੀਨਿਧੀਆਂ ਨਾਲ ਸਿੱਧੇ ਜੁੜ ਸਕਦੇ ਹਨ ਅਤੇ ਆਟੋਮੋਟਿਵ ਖੇਤਰ ਵਿੱਚ ਨਵੀਨਤਮ ਨਵੀਨਤਾਵਾਂ ਦਾ ਅਨੁਭਵ ਕਰ ਸਕਦੇ ਹਨ। ਤਿੰਨ ਦਿਨਾਂ ਲਈ ਜਨਤਾ ਲਈ ਖੁੱਲ੍ਹਾ, ਇਹ ਪ੍ਰੋਗਰਾਮ ਨੈਕਸਸ ਐਮਬੀਡੀ ਨਿਓਪੋਲਿਸ ਮਾਲ ਨੂੰ ਕਾਰ ਅਤੇ ਮੋਟਰਸਾਈਕਲ ਉਤਸ਼ਾਹੀਆਂ ਲਈ ਇੱਕ ਜੀਵੰਤ ਹੱਬ ਵਿੱਚ ਬਦਲਣ ਦਾ ਵਾਅਦਾ ਕਰਦਾ ਹੈ, ਜਿੱਥੇ ਪ੍ਰਦਰਸ਼ਨ, ਡਿਜ਼ਾਈਨ ਅਤੇ ਨਵੀਨਤਾ ਇੱਕ ਛੱਤ ਹੇਠ ਮਿਲ ਰਹੇ ਹਨ।

# ਨਾਇਲਿਟ ਰੋਪੜ ਨੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ 'ਨੌਕਰੀ ਮੇਲਾ 2026' ਦਾ ਆਯੋਜਨ ਕੀਤਾ

ਜ਼ਿਕਰ ਪੰਜਾਬ
**ਰੋਪੜ/ਬਿਊਰੋ**

ਰਾਸ਼ਟਰੀ ਇਲੈਕਟ੍ਰੋਨਿਕੀ ਅਤੇ ਸੂਚਨਾ ਤਕਨਾਲੋਜੀ ਸੰਸਥਾ ਜੋ ਕਿ ਭਾਰਤ ਸਰਕਾਰ ਦੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨੀਕ ਮੰਤਰਾਲੇ ਦੇ ਅਧੀਨ ਇੱਕ ਡੀਮਡ ਟੂ ਬੀ ਯੂਨੀਵਰਸਿਟੀ ਹੈ ਦੁਆਰਾ 13 ਮਾਰਚ 2026 ਨੂੰ ਰੋਪੜ ਵਿਖੇ ਆਪਣੇ ਕੈਂਪਸ ਵਿੱਚ 'ਨੌਕਰੀ ਮੇਲਾ 2026' ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਇਸ ਸਮਾਗਮ ਦਾ ਉਦੇਸ਼ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਸੀ, ਜਿਸ ਰਾਹੀਂ ਨਾਮਵਰ ਕੰਪਨੀਆਂ ਅਤੇ ਨੌਕਰੀ ਦੀ ਭਾਲ ਕਰ ਰਹੇ ਉਮੀਦਵਾਰਾਂ ਨੂੰ ਇੱਕ ਸਾਂਝਾ ਪਲੇਟਫਾਰਮ ਪ੍ਰਦਾਨ ਕੀਤਾ ਗਿਆ। ਨਾਇਲਿਟ ਰੋਪੜ ਦੇ ਕਾਰਜਕਾਰੀ ਡਾਇਰੈਕਟਰ ਸ਼੍ਰੀ ਦੀਪਕ ਵਾਸਨ ਦੁਆਰਾ ਨੌਕਰੀ ਮੇਲੇ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਤੇ ਸ਼੍ਰੀ ਪ੍ਰਭਜੋਤ ਸਿੰਘ, ਜ਼ਿਲ੍ਹਾ ਰੁਜ਼ਗਾਰ ਉਤਪਤੀ ਅਤੇ ਸਿਖਲਾਈ ਅਧਿਕਾਰੀ



(ਡੀ.ਈ.ਜੀ.ਟੀ.ਓ.), ਸ਼੍ਰੀਮਤੀ ਮੀਨਾਕਸ਼ੀ ਬੇਦੀ, ਪਲੇਸਮੈਂਟ ਅਧਿਕਾਰੀ, ਰੋਪੜ ਅਤੇ ਸ਼੍ਰੀ ਸੰਦੀਪ ਕੁਮਾਰ, ਉਪ-ਖੇਤਰੀ ਰੁਜ਼ਗਾਰ ਅਧਿਕਾਰੀ, ਡੀ.ਜੀ.ਈ., ਜਲੰਧਰ ਨੇ ਵੀ ਸ਼ਿਰਕਤ ਕੀਤੀ। ਸ਼੍ਰੀ ਵਾਸਨ ਨੇ ਸਮਾਗਮ ਵਿੱਚ ਆਪਣੇ ਸੰਬੋਧਨ ਦੌਰਾਨ ਮੇਗਾ ਨੌਕਰੀ ਮੇਲੇ ਦੇ ਆਯੋਜਨ ਦੇ ਉਦੇਸ਼ ਬਾਰੇ ਚਰਚਾ ਕੀਤੀ ਅਤੇ ਕਿਹਾ ਕਿ ਅਜਿਹੀ ਪਹਿਲਕਦਮੀਆਂ ਪੰਜਾਬ ਦੇ ਨੌਜਵਾਨਾਂ ਨੂੰ ਉਦਯੋਗ ਜਗਤ ਨਾਲ ਜੁੜਨ ਅਤੇ ਉਚਿਤ ਰੋਜ਼ਗਾਰ ਪ੍ਰਾਪਤ ਕਰਨ ਦਾ ਇੱਕ ਸ਼ਾਨਦਾਰ ਮੌਕਾ ਪ੍ਰਦਾਨ ਕਰਦੇ ਹਨ। ਵੱਖ-ਵੱਖ ਖੇਤਰਾਂ ਦੀਆਂ ਕਈ ਕੰਪਨੀਆਂ ਨੇ ਨੌਕਰੀ ਮੇਲੇ ਵਿੱਚ ਹਿੱਸਾ ਲਿਆ ਅਤੇ ਵੱਖ-ਵੱਖ ਉਪਲਬਧ ਅਸਾਮੀਆਂ ਲਈ ਨੌਕਰੀ ਦੀ ਭਾਲ ਕਰ ਰਹੇ ਉਮੀਦਵਾਰਾਂ ਨਾਲ ਸੰਪਰਕ ਕੀਤਾ। ਇਸ ਸਮਾਗਮ ਵਿੱਚ ਵਿਦਿਆਰਥੀਆਂ, ਨਵੇਂ ਗ੍ਰੈਜੂਏਟਸ ਅਤੇ ਨੌਕਰੀ ਭਾਲ ਕਰ ਰਹੇ ਉਮੀਦਵਾਰਾਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੇ ਰੇਜ਼ਿਊਮੇ ਜਮ੍ਹਾਂ ਕਰਵਾਏ ਅਤੇ ਕੰਪਨੀ ਦੇ ਪ੍ਰਤੀਨਿਧੀਆਂ ਨਾਲ ਸਿੱਧੀ ਗੱਲਬਾਤ ਕੀਤੀ। ਇਸ ਸਮਾਗਮ ਵਿੱਚ 23 ਤੋਂ ਵੱਧ ਕੰਪਨੀਆਂ ਨੇ ਹਿੱਸਾ ਲਿਆ ਅਤੇ ਵੱਖ-ਵੱਖ ਤਕਨੀਕੀ ਅਤੇ ਪੇਸ਼ਾਵਰ ਪਿਛੋਕੜ ਵਾਲੇ ਲਗਭਗ 500 ਉਮੀਦਵਾਰਾਂ ਦੇ ਇੰਟਰਵਿਊ ਕੀਤੇ ਗਏ। ਮੇਲੇ ਦੌਰਾਨ, ਕਈ ਉਮੀਦਵਾਰਾਂ ਨੂੰ ਕੀਮਤੀ ਕਰੀਅਰ ਮਾਰਗਦਰਸ਼ਨ ਅਤੇ ਰੁਜ਼ਗਾਰ ਦੇ ਮੌਕੇ ਮਿਲੇ। ਖਾਸ ਤੌਰ ਤੇ, 300 ਤੋਂ ਵੱਧ ਉਮੀਦਵਾਰਾਂ ਨੂੰ ਮੌਕੇ ਤੇ ਹੀ ਸ਼ੋਰਟਲਿਸਟ ਕੀਤਾ ਗਿਆ ਅਤੇ ਨਿਯੁਕਤੀ ਪੱਤਰ ਜਾਰੀ ਕੀਤੇ ਗਏ, ਜਿਸ ਨਾਲ ਇਹ ਸਮਾਗਮ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਵਿੱਚ ਬਹੁਤ ਸਫਲ ਸਾਬਿਤ ਹੋਇਆ। ਇਹ ਪਹਿਲ ਕੌਸ਼ਲ ਵਿਕਾਸ, ਰੋਜ਼ਗਾਰ ਯੋਗਤਾ ਵਧਾਉਣ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕਿਆਂ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੇ ਦ੍ਰਿਸ਼ਟੀਕੋਣ ਦਾ ਸਮਰਥਨ ਕਰਨ ਪ੍ਰਤੀ ਨਾਇਲਿਟ ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦੀ ਹੈ। ਨੌਕਰੀ ਮੇਲਾ ਕੁਸ਼ਲ ਉਮੀਦਵਾਰਾਂ ਅਤੇ ਉਦਯੋਗ ਜਗਤ ਦੀ ਲੋੜਾਂ ਵਿਚਕਾਰ ਸੰਬੰਧ ਨੂੰ ਮਜ਼ਬੂਤ ਕਰਨ ਲਈ ਇੱਕ ਮਹੱਤਵਪੂਰਨ ਕਦਮ ਸਾਬਤ ਹੋਇਆ।

# ਐਨਸੀਸੀਟੀ ਸਕੱਤਰ ਮੀਨੂ ਸ਼ੁਕਲਾ ਪਾਠਕ ਨੇ ਆਰਆਈਸੀਐਮ ਚੰਡੀਗੜ੍ਹ ਦਾ ਨਿਰੀਖਣ ਕੀਤਾ, ਸਹਿਕਾਰੀ ਸਿਖਲਾਈ ਪ੍ਰੋਗਰਾਮਾਂ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ

ਜ਼ਿਕਰ ਪੰਜਾਬ

**ਚੰਡੀਗੜ੍ਹ** : ਸ਼੍ਰੀਮਤੀ ਮੀਨੂ ਸ਼ੁਕਲਾ, ਆਈਆਰਐਸ, ਨੈਸ਼ਨਲ ਕੌਂਸਲ ਫਾਰ ਕੋਆਪਰੇਟਿਵ ਟ?ਰੇਨਿੰਗ, ਨਵੀਂ ਦਿੱਲੀ, ਨੇ 13 ਮਾਰਚ, 2026 ਨੂੰ ਖੇਤਰੀ ਸਹਿਕਾਰੀ ਪ੍ਰਬੰਧਨ ਸੰਸਥਾ, ਸੈਕਟਰ 32-ਸੀ, ਚੰਡੀਗੜ੍ਹ ਦਾ ਦੌਰਾ ਕੀਤਾ। ਉਨ੍ਹਾਂ ਨੇ ਸੰਸਥਾ ਦੇ ਪ੍ਰਦਰਸ਼ਨ ਦੀ ਸਮੀਖਿਆ ਕੀਤੀ ਅਤੇ ਸੰਸਥਾ ਦੁਆਰਾ ਪੇਸ਼ ਕੀਤੀਆਂ ਗਈਆਂ ਵੱਖ-ਵੱਖ ਗਤੀਵਿਧੀਆਂ ਅਤੇ ਸਿਖਲਾਈ ਪ੍ਰੋਗਰਾਮਾਂ ਨੂੰ ਦੇਖਿਆ। ਆਪਣੇ ਦੌਰੇ ਦੌਰਾਨ, ਸ਼੍ਰੀਮਤੀ ਸ਼ੁਕਲਾ ਨੇ ਸੰਸਥਾ ਦੇ ਅਧਿਕਾਰੀਆਂ ਅਤੇ ਫੈਕਲਟੀ ਮੈਂਬਰਾਂ ਨਾਲ ਵਿਸਤ੍ਰਿਤ ਚਰਚਾ ਕੀਤੀ। ਉਨ੍ਹਾਂ ਨੇ ਸਹਿਕਾਰੀ ਖੇਤਰ ਨੂੰ ਮਜ਼ਬੂਤ ਕਰਨ ਲਈ ਸੰਸਥਾ ਦੇ ਸਿਖਲਾਈ ਪਹਿਲਕਦਮੀਆਂ ਦੀ ਸ਼ਲਾਘਾ ਕੀਤੀ ਅਤੇ ਸਿਖਲਾਈ ਪ੍ਰੋਗਰਾਮਾਂ ਦੀ ਗੁਣਵੱਤਾ ਅਤੇ ਦਾਇਰੇ ਨੂੰ ਹੋਰ ਮਜ਼ਬੂਤ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਹਿਕਾਰੀ ਸੰਸਥਾਵਾਂ ਦੀਆਂ ਵਿਕਸਤ ਹੋ ਰਹੀਆਂ ਜ਼ਰੂਰਤਾਂ ਦੇ ਅਨੁਸਾਰ ਸਿਖਲਾਈ ਪ੍ਰੋਗਰਾਮਾਂ ਨੂੰ ਵਿਕਸਤ ਕਰਨ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ। ਸ਼੍ਰੀਮਤੀ ਸ਼ੁਕਲਾ ਨੇ ਸੰਸਥਾ ਦੇ ਸਟਾਫ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਵੱਖ-ਵੱਖ ਸ਼ਿਕਾਇਤਾਂ ਅਤੇ ਚਿੰਤਾਵਾਂ ਨੂੰ ਧਿਆਨ ਨਾਲ ਸੁਣਿਆ। ਆਪਣੀ ਫੇਰੀ ਦੌਰਾਨ, ਸ਼੍ਰੀਮਤੀ ਸ਼ੁਕਲਾ ਨੇ ਹਰਿਆਣਾ ਰਾਜ ਸਹਿਕਾਰੀ ਸਪਲਾਈ ਅਤੇ ਮਾਰਕੀਟਿੰਗ ਫੈਡਰੇਸ਼ਨ, ਪੰਚਕੂਲਾ, ਹਰਿਆਣਾ ਦਾ ਵੀ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਸਿਖਲਾਈ ਪ੍ਰੋਗਰਾਮਾਂ ਦੀ ਸੰਭਾਵਨਾ ਦਾ ਮੁਲਾਂਕਣ ਕੀਤਾ ਅਤੇ ਸਹਿਕਾਰੀ ਖੇਤਰ ਵਿੱਚ ਸਿਖਲਾਈ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੇ ਮੌਕਿਆਂ 'ਤੇ ਵਿਚਾਰ ਕੀਤਾ। ਸੰਸਥਾ ਦੇ ਕੰਮ ਦੀ ਸਮੀਖਿਆ ਕਰਦੇ ਹੋਏ, ਸ਼੍ਰੀਮਤੀ ਸ਼ੁਕਲਾ ਨੇ ਸਹਿਕਾਰੀ ਸੰਸਥਾਵਾਂ ਲਈ ਸਿਖਲਾਈ, ਖੋਜ ਅਤੇ ਸਮਰੱਥਾ ਨਿਰਮਾਣ ਪ੍ਰੋਗਰਾਮਾਂ ਨੂੰ ਸਫਲਤਾਪੂਰਵਕ ਚਲਾਉਣ ਵਿੱਚ ਆਰਆਈਸੀਐਮ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸੰਸਥਾ ਨੂੰ ਭਵਿੱਖ ਵਿੱਚ ਸਿਖਲਾਈ ਦੇ ਨਵੇਂ ਅਤੇ ਉੱਭਰ ਰਹੇ ਖੇਤਰਾਂ ਦੀ ਪੜਚੋਲ ਕਰਨ ਲਈ ਵੀ ਉਤਸ਼ਾਹਿਤ ਕੀਤਾ। ਦੌਰੇ ਦੇ ਅੰਤ ਵਿੱਚ, ਆਰਆਈਸੀਐਮ ਦੇ ਡਾਇਰੈਕਟਰ ਡਾ. ਆਰ.ਕੇ. ਸ਼ਰਮਾ ਨੇ ਸੰਸਥਾ ਦਾ ਦੌਰਾ ਕਰਨ, ਮਾਰਗਦਰਸ਼ਨ ਪ੍ਰਦਾਨ ਕਰਨ ਅਤੇ ਸੰਸਥਾ ਦੇ ਭਵਿੱਖ ਦੇ ਸਿਖਲਾਈ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਦੇ ਵਿਕਾਸ ਲਈ ਕੀਮਤੀ ਸੁਝਾਅ ਪ੍ਰਦਾਨ ਕਰਨ ਲਈ ਸ਼੍ਰੀਮਤੀ ਮੀਨੂ ਸ਼ੁਕਲਾ ਦਾ ਦਿਲੋਂ ਧੰਨਵਾਦ ਕੀਤਾ।

# ਗੈਂਗਸਟਰਾਂ ਉੱਤੇ ਵਾਰ ਦਾ 54ਵਾਂ ਦਿਨ: ਪੰਜਾਬ ਪੁਲਿਸ ਵੱਲੋਂ 529 ਥਾਵਾਂ 'ਤੇ ਛਾਪੇਮਾਰੀ; 196 ਗ੍ਰਿਫ਼ਤਾਰ

ਜ਼ਿਕਰ ਪੰਜਾਬ
**ਚੰਡੀਗੜ੍ਹ/ਬਿਊਰੋ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ 'ਗੈਂਗਸਟਰਾਂ ਤੇ ਵਾਰ' ਮੁਹਿੰਮ ਦੇ 54ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਰਾਜ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 529 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ 'ਗੈਂਗਸਟਰਾਂ ਤੇ ਵਾਰ' ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ੁਰੂ ਕੀਤੀ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ। 54ਵੇਂ ਦਿਨ, ਪੁਲਿਸ ਟੀਮਾਂ ਨੇ 196 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਚਾਰ ਹਥਿਆਰ ਬਰਾਮਦ ਕੀਤੇ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 14,722 ਹੋ ਗਈ ਹੈ। ਇਸ ਤੋਂ ਇਲਾਵਾ 70 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 107 ਵਿਅਕਤੀਆਂ ਨੂੰ ਤਫਤੀਸ਼ ਅਤੇ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 3 ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ। ਲੋਕ ਐਂਟੀ ਗੈਂਗਸਟਰ ਹੈਲਪਲਾਈਨ 93946-93946 ਰਾਹੀਂ ਗੁਪਤ ਰੂਪ ਵਿਚ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਜਾਣਕਾਰੀ ਦੇ ਸਕਦੇ ਹਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ /ਜਾਣਕਾਰੀ ਵੀ ਸਾਂਝੇ ਕਰ ਸਕਦੇ ਹਨ। ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ 379ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 80 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ 9 ਕਿਲੋ ਹੈਰੋਇਨ, 700 ਗ੍ਰਾਮ ਅਫੀਮ, 5 ਕਿਲੋ ਭੁੱਕੀ, 2457 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 10,400 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਦੇ ਨਾਲ ਸਿਰਫ 379 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 53,712 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 33 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਭਾਰਤੀ ਰੇਲਵੇ ਨੇ ਉੱਤਰੀ ਰੇਲਵੇ ਦੇ ਫਿਰੋਜ਼ਪੁਰ ਡਿਵੀਜ਼ਨ ਵਿੱਚ ਸੰਚਾਰ ਨੂੰ ਮਜ਼ਬੂਤ ਬਣਾਉਣ ਲਈ 106.29 ਕਰੋੜ ਦੇ ਪ੍ਰੋਜੈਕਟ ਨੂੰ ਮਨਜ਼ੂਰੀ ਦਿੱਤੀ

ਜ਼ਿਕਰ ਪੰਜਾਬ
**ਨਵੀਂ ਦਿੱਲੀ/ਬਿਊਰੋ**

ਭਾਰਤੀ ਰੇਲਵੇ ਨੇ ਉੱਤਰੀ ਰੇਲਵੇ ਦੇ ਫਿਰੋਜ਼ਪੁਰ ਡਿਵੀਜ਼ਨ (945 ਆਰਕੇਐੱਮ) 'ਚ ਸੰਚਾਰ ਨੂੰ ਮਜ਼ਬੂਤ ਬਣਾਉਣ ਲਈ 106.29 ਕਰੋੜ ਦੀ ਲਾਗਤ ਨਾਲ ਟਰੈਕ ਦੇ ਹਰੇਕ ਪਾਸੇ 2ਗ48 ਆਪਟੀਕਲ ਫਾਈਬਰ ਕੇਬਲ (ਓਐੱਫਸੀ) ਦੇ ਪ੍ਰਬੰਧ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਪ੍ਰੋਜੈਕਟ ਭਾਰਤੀ ਰੇਲਵੇ ਦੇ ਸੰਚਾਰ ਨੂੰ ਮਜ਼ਬੂਤ ਬਣਾਉਣ, ਮੁਰੰਮਤ ਕਰਨ ਅਤੇ ਬਦਲਣ ਲਈ ਸਮੁੱਚੇ ਕੰਮ ਦਾ ਹਿੱਸਾ ਹੈ, ਜਿਸ ਨੂੰ ਵਰਕਸ ਪ੍ਰੋਗਰਾਮ 2024-25 ਅਧੀਨ ਯੋਜਨਾ ਹੈੱਡ (ਪੀਐੱਚ)-33 ਅਧੀਨ ਕੁੱਲ 4,871 ਕਰੋੜ ਦੀ ਲਾਗਤ ਨਾਲ ਮਨਜ਼ੂਰੀ ਦਿੱਤੀ ਗਈ ਹੈ। ਇਸ ਛਤਰੀ ਪ੍ਰੋਜੈਕਟ ਦੇ ਤਹਿਤ, ਉੱਤਰੀ ਰੇਲਵੇ ਲਈ 871 ਕਰੋੜ ਦੀ ਲਾਗਤ ਨਾਲ ਇੱਕ ਉਪ-ਛਤਰੀ ਕੰਮ ਨੂੰ ਮਨਜ਼ੂਰੀ ਦਿੱਤੀ ਗਈ ਸੀ, ਜਿਸ ਦੇ ਤਹਿਤ ਉੱਤਰੀ ਰੇਲਵੇ ਨੇ ਮੌਜੂਦਾ ਕੰਮ ਦਾ ਪ੍ਰਸਤਾਵ ਰੱਖਿਆ ਹੈ। ਇਹ ਪ੍ਰੋਜੈਕਟ ਭਾਰਤੀ ਰੇਲਵੇ ਦੇ ਸੰਚਾਰ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰੇਗਾ ਅਤੇ ਨੈੱਟਵਰਕ ਵਿੱਚ ਰੇਲਵੇ ਸੰਚਾਰ ਪ੍ਰਣਾਲੀਆਂ ਦੀ ਭਰੋਸੇਯੋਗਤਾ ਅਤੇ ਕੁਸ਼ਲਤਾ ਨੂੰ ਵਧਾਏਗਾ।

# ਬਿਹਾਰ ਦੇ ਪ੍ਰੈਸ ਵਫ਼ਦ ਨੇ ਪੰਜਾਬ ਲੋਕ ਭਵਨ ਵਿਖੇ ਪੰਜਾਬ ਰਾਜਪਾਲ ਨਾਲ ਮੁਲਾਕਾਤ ਕੀਤੀ

ਜ਼ਿਕਰ ਪੰਜਾਬ
**ਚੰਡੀਗੜ੍ਹ/ਬਿਊਰੋ**

ਬਿਹਾਰ ਤੋਂ ਆਏ ਇੱਕ ਪ੍ਰੈਸ ਵਫ਼ਦ ਨੇ ਪ੍ਰੈਸ ਇਨਫੋਰਮੇਸ਼ਨ ਬਿਊਰੋ (PIB) ਦੇ ਮੀਡੀਆ ਆਊਟਰੀਚ ਪ੍ਰੋਗਰਾਮ ਦੇ ਹਿੱਸੇ ਵਜੋਂ ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਨਾਲ ਪੰਜਾਬ ਲੋਕ ਭਵਨ, ਚੰਡੀਗੜ੍ਹ ਵਿਖੇ ਮੁਲਾਕਾਤ ਕੀਤੀ। ਭਾਰਤ ਸਰਕਾਰ ਦੀ ਇਸ ਪਹਿਲਕਦਮੀ ਦਾ ਉਦੇਸ਼ ਪੱਤਰਕਾਰਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਵਿਕਾਸ ਗਤੀਵਿਧੀਆਂ, ਕੇਂਦਰੀ ਯੋਜਨਾਵਾਂ ਅਤੇ ਸ਼ਾਸਨ ਪ੍ਰਕ੍ਰਿਆਵਾਂ ਬਾਰੇ ਸਿੱਧੇ ਤੌਰ 'ਤੇ ਜਾਣੂ ਕਰਵਾਉਣਾ ਹੈ। ਇੱਕ ਇੰਟਰਐਕਟਿਵ ਸੈਸ਼ਨ ਦੌਰਾਨ, ਰਾਜਪਾਲ ਨੇ ਆਉਣ ਵਾਲੇ ਪੱਤਰਕਾਰਾਂ ਤੋਂ ਪੰਜਾਬ ਅਤੇ ਚੰਡੀਗੜ੍ਹ ਦੇ ਦੌਰੇ ਦੌਰਾਨ ਆਪਣੇ ਤਜ਼ਰਬਿਆਂ ਬਾਰੇ ਫੀਡਬੈਕ ਮੰਗੀ। ਵਫ਼ਦ ਨੇ ਪੰਜਾਬ ਦੇ ਮਹੱਤਵਪੂਰਨ ਵਿਰਾਸਤੀ ਸਥਾਨਾਂ, ਜਿਨ੍ਹਾਂ ਵਿੱਚ ਜਲ੍ਹਿਆਂਵਾਲਾ ਬਾਗ, ਅਟਾਰੀ




ਬਾਰਡਰ ਅਤੇ ਹਰਿਮੰਦਰ ਸਾਹਿਬ ਸ਼ਾਮਲ ਹਨ, ਦਾ ਦੌਰਾ ਕਰਨ ਤੋਂ ਬਾਅਦ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਰਾਜ ਦੇ ਅਮੀਰ ਸੱਭਿਆਚਾਰਕ ਅਤੇ ਅਧਿਆਤਮਿਕ ਵਿਰਸੇ ਦੀ ਸ਼ਲਾਘਾ ਕੀਤੀ।

ਚੰਡੀਗੜ੍ਹ ਦੌਰੇ ਦੌਰਾਨ, ਪੱਤਰਕਾਰਾਂ ਨੇ ਮੁੱਖ ਜਨਤਕ ਬੁਨਿਆਦੀ ਢਾਂਚੇ ਅਤੇ ਵਿਕਾਸ ਪ੍ਰੋਜੈਕਟਾਂ ਜਿਵੇਂ ਕਿ ਚੰਡੀਗੜ੍ਹ ਨਵਿਆਉਣਯੋਗ ਊਰਜਾ ਅਤੇ ਵਿਗਿਆਨ ਅਤੇ ਤਕਨਾਲੋਜੀ ਪ੍ਰਮੋਸ਼ਨ ਸੋਸਾਇਟੀ, ਸੀਟੀਯੂ ਦੀ ਪ੍ਰਧਾਨ ਮੰਤਰੀ ਈ-ਬੱਸ ਸੇਵਾ, ਸਰਕਾਰੀ ਮਲਟੀ-ਸਪੈਸ਼ਲਿਟੀ ਹਸਪਤਾਲ ਸੈਕਟਰ-16, ਸੁਖਨਾ ਝੀਲ, ਰੌਕ ਗਾਰਡਨ, ਏਅਰ ਫੋਰਸ ਮਿਊਜ਼ੀਅਮ, ਸੈਕਟਰ-18 ਅਤੇ ਹੋਰ ਪ੍ਰਮੁੱਖ ਸਥਾਨਾਂ ਦਾ ਦੌਰਾ ਕੀਤਾ। ਰਾਜਪਾਲ ਨੇ ਪੱਤਰਕਾਰਾਂ ਨੂੰ ਚੰਡੀਗੜ੍ਹ ਵਿੱਚ ਵਿਕਾਸ ਪਹਿਲਕਦਮੀਆਂ ਨੂੰ ਮਜ਼ਬੂਤ ਕਰਨ ਲਈ ਰਚਨਾਤਮਕ ਸੁਝਾਅ ਦੇਣ ਲਈ ਉਤਸ਼ਾਹਿਤ ਕੀਤਾ। ਆਉਣ ਵਾਲੇ ਪੱਤਰਕਾਰਾਂ ਨੇ ਵਿਕਾਸ ਯਤਨਾਂ 'ਤੇ ਸੰਤੁਸ਼ਟੀ ਪ੍ਰਗਟ ਕੀਤੀ ਅਤੇ ਅਰਥਪੂਰਨ ਗੱਲਬਾਤ ਅਤੇ ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਮੌਕਾ ਦੇਣ ਦੀ ਸ਼ਲਾਘਾ ਕੀਤੀ।

# ਜੀਵਨ ਦੇ ਇਸ ਮਹਾਨ ਤੋਹਫੇ ਨੂੰ ਮਾਪਣ ਦਾ ਕੋਈ ਪੈਮਾਨਾ ਨਹੀਂ : ਪੀਜੀਆਈ ਡਾਇਰੈਕਟਰ ਪ੍ਰੋਫੈਸਰ ਵਿਵੇਕ ਲਾਲ ਨੇ ਅੰਗਦਾਨ ਕਰਨ ਵਾਲੇ ਪਰਿਵਾਰਾਂ ਨੂੰ ਦਿੱਤੀ ਸ਼ਰਧਾਂਜਲੀ

## 16 ਸਾਹਸੀ ਦਾਤਾ ਪਰਿਵਾਰਾਂ ਨੂੰ ਸਨਮਾਨ, ਜਿਨ੍ਹਾਂ ਦੇ ਫੈਸਲੇ ਨਾਲ 80 ਲੋਕਾਂ ਨੂੰ ਮਿਲਿਆ ਜੀਵਨ ਅਤੇ ਰੌਸ਼ਨੀ

ਜ਼ਿਕਰ ਪੰਜਾਬ

**ਚੰਡੀਗੜ੍ਹ** : ਮਨੁੱਖਤਾ ਅਤੇ ਦਇਆ ਦੀ ਭਾਵਨਾ ਨੂੰ ਨਮਨ ਕਰਦੇ ਹੋਏ PGIMER ਵਿੱਚ 16 ਸਾਹਸੀ ਅੰਗਦਾਤਾ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ। ਇਨ੍ਹਾਂ ਪਰਿਵਾਰਾਂ ਨੇ ਆਪਣੇ ਨਿਜੀ ਦੁਖ ਦੇ ਸਮੇਂ ਵੀ ਅੰਗਦਾਨ ਲਈ ਸਹਿਮਤੀ ਦੇ ਕੇ ਇੱਕ ਮਹਾਨ ਫੈਸਲਾ ਲਿਆ। ਉਨ੍ਹਾਂ ਦੇ ਇਸ ਫੈਸਲੇ ਨਾਲ 80 ਲੋਕਾਂ ਦਾ ਜੀਵਨ ਪ੍ਰਭਾਵਿਤ ਹੋਇਆ, ਜਿਨ੍ਹਾਂ ਵਿੱਚ 52 ਗੰਭੀਰ ਅੰਗ ਅਸਫ਼ਲਤਾ ਨਾਲ ਜੂਝ ਰਹੇ ਮਰੀਜ਼ਾਂ ਨੂੰ ਨਵਾਂ ਜੀਵਨ ਮਿਲਿਆ ਅਤੇ 28 ਕੋਰਨੀਅਲ ਅੰਨ੍ਹਾਪਣ ਨਾਲ ਪੀੜ੍ਹਤ ਮਰੀਜ਼ਾਂ ਦੀ ਅੱਖਾਂ ਦੀ ਰੌਸ਼ਨੀ ਵਾਪਸ ਆਈ। ਇਹ ਸਨਮਾਨ ਸਮਾਰੋਹ ਸਮਰਥਨ 2026 ਦੇ ਉਦਘਾਟਨੀ ਸੈਸ਼ਨ ਵਿੱਚ ਆਯੋਜਿਤ ਕੀਤਾ ਗਿਆ। ਇਹ ਅੰਗਦਾਨ ਅਤੇ ਟ੍ਰਾਂਸਪਲਾਂਟ (ਪ੍ਰਤੀਰੋਪਣ) 'ਤੇ ਆਯੋਜਿਤ CME-cum-Workshop ਸੀ, ਜਿਸ ਦਾ ਆਯੋਜਨ ROTTO North, PGIMER ਚੰਡੀਗੜ੍ਹ ਵੱਲੋਂ ਕੀਤਾ ਗਿਆ। ਇਸ ਵਿੱਚ ਖੇਤਰ ਦੇ ਮੈਡੀਕਲ ਮਾਹਿਰਾਂ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਦੇ 200 ਤੋਂ ਵੱਧ ਭਾਗੀਦਾਰਾਂ ਨੇ ਹਿੱਸਾ ਲਿਆ। ਇਸ ਭਾਵਨਾਤਮਕ ਮੌਕੇ 'ਤੇ ਪੂਰਾ ਆਡੀਟੋਰੀਅਮ ਖੜ੍ਹੇ ਹੋ ਕੇ ਤਾਲੀਆਂ ਨਾਲ ਇਨ੍ਹਾਂ ਪਰਿਵਾਰਾਂ ਦੇ ਸਾਹਸ ਅਤੇ ਉਦਾਰਤਾ ਨੂੰ ਨਮਨ ਕਰਦਾ ਦਿਖਾਈ ਦਿੱਤਾ। ਉਨ੍ਹਾਂ ਦੇ ਨਿਰਸੁਆਰਥ ਫੈਸਲੇ ਨੇ ਆਪਣੇ ਨਿੱਜੀ ਦੁੱਖ ਨੂੰ ਕਈ ਮਰੀਜ਼ਾਂ ਲਈ ਜੀਵਨ ਦੇ ਅਨਮੋਲ ਤੋਹਫ਼ੇ ਵਿੱਚ ਬਦਲ ਦਿੱਤਾ। ਇਸ ਮੌਕੇ 'ਤੇ ਮੁੱਖ ਮਹਿਮਾਨ PGIMER ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਨੇ ਦਾਤਾ ਪਰਿਵਾਰਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਅੰਗ ਟ੍ਰਾਂਸਪਲਾਂਟ ਦੇ ਖੇਤਰ ਵਿੱਚ PGIMER ਦੀ ਵਿਸ਼ੇਸ਼ ਪਛਾਣ ਇਨ੍ਹਾਂ ਪਰਿਵਾਰਾਂ ਦੀ




ਵਜ?ਹਾ ਨਾਲ ਹੀ ਸੰਭਵ ਹੋ ਸਕੀ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਇਨ੍ਹਾਂ ਪਰਿਵਾਰਾਂ ਨੇ ਸਾਹਸ ਅਤੇ ਨਿਰਸੁਆਰਥ ਭਾਵਨਾ ਨਾਲ ਫੈਸਲਾ ਨਾ ਲਿਆ ਹੁੰਦਾ, ਤਾਂ ਇਹ ਉਪਲਬਧੀਆਂ ਸੰਭਵ ਨਹੀਂ ਸਨ। ਉਨ੍ਹਾਂ ਨੇ ਕਿਹਾ ਕਿ ਜੀਵਨ ਦੇ ਇਸ ਮਹਾਨ ਤੋਹਫ਼ੇ ਨੂੰ ਮਾਪਣ ਦਾ ਕੋਈ ਪੈਮਾਨਾ ਨਹੀਂ ਹੋ ਸਕਦਾ। ਇਹ ਸੰਤੁਸ਼ਟੀ ਵਾਲੀ ਗੱਲ ਹੈ ਕਿ ਇਨ੍ਹਾਂ ਪਰਿਵਾਰਾਂ ਨੇ ਦੂਜਿਆਂ ਦੀ ਜਾਨ ਬਚਾਉਣ ਦੀ ਆਪਣੀ ਸਭ ਤੋਂ ਵੱਡੀ ਇੱਛਾ ਲਈ PGIMER 'ਤੇ ਭਰੋਸਾ ਕੀਤਾ ਅਤੇ ਸੰਸਥਾਨ ਉਸ ਭਰੋਸੇ 'ਤੇ ਖਰਾ ਉਤਰ ਸਕਿਆ। ਇਸ ਮੌਕੇ 'ਤੇ ਰਾਸ਼ਟਰੀ ਅੰਗ ਅਤੇ ਟਿਸ਼ੂ ਟ੍ਰਾਂਸਪਲਾਂਟ ਸੰਗਠਨ (NOTTO), ਨਵੀਂ ਦਿੱਲੀ ਦੇ ਡਾਇਰੈਕਟਰ ਡਾ. ਅਨਿਲ ਕੁਮਾਰ ਨੇ ਕਿਹਾ ਕਿ ਅੰਗਾਂ ਦੀ ਉਪਲਬਧਤਾ ਅਤੇ ਜ਼ਰੂਰਤ ਦਰਮਿਆਨ ਪਾੜੇ ਨੂੰ ਪੂਰਨ ਦਾ ਸਭ ਤੋਂ ਟਿਕਾਊ ਤਰੀਕਾ ਸਵੈ-ਇੱਛਤ ਮ੍ਰਿਤਕ ਅੰਗਦਾਨ ਦੇ ਸਭਿਆਚਾਰ ਨੂੰ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਜਦੋਂ ਸਮਾਜ ਅੰਗਾਂ ਦੀ ਉਡੀਕ ਕਰ ਰਹੇ ਮਰੀਜ਼ਾਂ ਦੀ ਪੀੜਾ ਨੂੰ ਸਮਝੇਗਾ ਅਤੇ ਅੰਗਦਾਨ ਦਾ ਸੰਕਲਪ ਲਵੇਗਾ, ਤਾਂ ਅਨੇਕਾਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਨੇ ਜਾਗਰੂਕਤਾ ਵਧਾਉਣ ਅਤੇ ਵਿਦਿਆਰਥੀਆਂ ਨੂੰ ਤਬਦੀਲੀ ਦੇ 'ਯੁਵਾ ਦੂਤ' ਬਣਾਉਣ ਲਈ NOTTO ਦੀ ਵਚਨਬੱਧਤਾ ਨੂੰ ਵੀ ਦੁਹਰਾਇਆ। ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ, ਚੰਡੀਗੜ੍ਹ ਦੀ ਸੀਨੀਅਰ ਖੇਤਰੀ ਡਾਇਰੈਕਟਰ ਡਾ. ਅਮਰਜੀਤ ਕੌਰ ਨੇ ਕਿਹਾ ਕਿ 'ਸਮਰਥਨ 2026' ਦਾ ਉਦੇਸ਼ ਅੰਗਦਾਨ ਬਾਰੇ ਸਹੀ ਜਾਣਕਾਰੀ ਫੈਲਾਉਣਾ ਅਤੇ ਇਸ ਮੁਹਿੰਮ ਨੂੰ ਹੋਰ ਮਜ਼ਬੂਤ ਬਣਾਉਣਾ ਹੈ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਸਾਹਸੀ ਦਾਤਾ ਪਰਿਵਾਰਾਂ ਦੀ ਮੌਜੂਦਗੀ ਤੋਂ ਵੱਧ ਪ੍ਰੇਰਨਾਦਾਇਕ ਕੁਝ ਵੀ ਨਹੀਂ ਹੋ ਸਕਦਾ, ਕਿਉਂਕਿ ਉਨ੍ਹਾਂ ਦੇ ਔਖੇ ਸਮੇਂ ਵਿੱਚ ਲਏ ਗਏ ਫੈਸਲੇ ਹਜ਼ਾਰਾਂ ਮਰੀਜ਼ਾਂ ਲਈ ਉਮੀਦ ਦੀ ਕਿਰਨ ਬਣਦੇ ਹਨ। ਇਸ ਮੌਕੇ ਜਿਨ੍ਹਾਂ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ, ਉਨ੍ਹਾਂ ਵਿੱਚ ਸੁਖਵਿੰਦਰ ਸਿੰਘ (40 ਸਾਲ, ਸੁਨਾਮ), ਜਤਿੰਦਰ ਸਿੰਘ (36 ਸਾਲ, ਫਤਿਹਗੜ੍ਹ ਸਾਹਿਬ), ਰਵਿੰਦਰ ਸਿੰਘ (36 ਸਾਲ, ਚੰਡੀਗੜ੍ਹ), ਹਰਪ੍ਰੀਤ ਕੌਰ (17 ਸਾਲ, ਬੱਸੀ ਪਠਾਣਾ), ਨਵਨੀਤ ਠਾਕੁਰ (23 ਸਾਲ, ਕਾਂਗੜਾ), ਮੇਜਰ ਸਿੰਘ (54 ਸਾਲ, ਰਾਜਪੁਰਾ, ਪਟਿਆਲਾ), ਪਰਵੀਨ ਕੁਮਾਰ (44 ਸਾਲ, ਪੰਚਕੂਲਾ), ਨਰੇਸ਼ ਕੁਮਾਰ (30 ਸਾਲ, ਕੈਥਲ) ਅਤੇ ਰਵੀਸ਼ ਕੁੰਵਰ ਮਲਿਕ (36 ਸਾਲ, ਜ਼ੀਰਕਪੁਰ) ਦੇ ਪਰਿਵਾਰ ਸ਼ਾਮਲ ਸਨ। ਇਸ ਤੋਂ ਇਲਾਵਾ ਹਰਪਿੰਦਰ ਸਿੰਘ (40 ਸਾਲ, ਅਨੰਦਪੁਰ ਸਾਹਿਬ), ਗੁਰਨੂਰ ਸਿੰਘ (18 ਸਾਲ, ਲੁਧਿਆਣਾ) ਅਤੇ ਦਵਿੰਦਰ ਸਿੰਘ (36 ਸਾਲ, ਰੋਪੜ) ਦੇ ਪਰਿਵਾਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਨਾਲ ਹੀ ਭਾਰਤੀ ਸੈਨਾ ਨਾਲ ਜੁੜੇ ਅਰਸ਼ਦੀਪ ਸਿੰਘ (18 ਸਾਲ), ਬਲਵਿੰਦਰ ਸਿੰਘ (56 ਸਾਲ), ਪਿਆਰ ਚੰਦ (44 ਸਾਲ) ਅਤੇ ਬਿਸਵਨਾਥ ਸਾਵ (44 ਸਾਲ) ਦੇ ਪਰਿਵਾਰਾਂ ਨੂੰ ਵੀ ਉਨ੍ਹਾਂ ਦੇ ਪ੍ਰੇਰਨਾਦਾਇਕ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ PGIMER ਦੇ ਮੈਡੀਕਲ ਸੁਪਰਡੈਂਟ, ਹਸਪਤਾਲ ਪ੍ਰਸ਼ਾਸਨ ਵਿਭਾਗ ਦੇ ਮੁਖੀ ਅਤੇ ROTTO North ਦੇ ਨੋਡਲ ਅਫ਼ਸਰ ਪ੍ਰੋ. ਵਿਪਿਨ ਕੌਸ਼ਲ ਨੇ ਪ੍ਰੋਗਰਾਮ ਦੀ ਰੂਪ-ਰੇਖਾ ਰੱਖਦਿਆਂ ਕਿਹਾ ਕਿ 'ਸਮਰਥਨ 2026' ਦਾ ਉਦੇਸ਼ ਅੰਗਦਾਨ ਨੂੰ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਨੇ ਸੰਸਥਾਗਤ ਯਤਨਾਂ ਨੂੰ ਮਜ਼ਬੂਤ ਕਰਨਾ ਹੈ ਜੋ ਅੰਗਦਾਨ ਅਤੇ ਟ੍ਰਾਂਸਪਲਾਂਟ ਨੂੰ ਸੰਭਵ ਬਣਾਉਂਦੇ ਹਨ। ਉਦਘਾਟਨੀ ਸੈਸ਼ਨ ਤੋਂ ਬਾਅਦ ਇੱਕ ਵਿਦਿਅਕ ਵਰਕਸ਼ਾਪ ਆਯੋਜਿਤ ਕੀਤੀ ਗਈ, ਜਿਸ ਵਿੱਚ ਮਾਹਿਰਾਂ ਅਤੇ ਡਾਕਟਰਾਂ ਨੇ ਅੰਗ ਟ?ਰਾਂਸਪਲਾਂਟ ਦੇ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕੀਤੀ। ਸੈਸ਼ਨਾਂ ਦੌਰਾਨ ਮ੍ਰਿਤਕ ਅੰਗਦਾਨ ਪ੍ਰੋਗਰਾਮਾਂ ਨੂੰ ਮਜ਼ਬੂਤ ਬਣਾਉਣ, ਤਾਲਮੇਲ ਵਿਵਸਥਾ ਨੂੰ ਬਿਹਤਰ ਕਰਨ ਅਤੇ ਜਾਗਰੂਕਤਾ ਵਧਾਉਣ ਵਰਗੇ ਵਿਸ਼ਿਆਂ 'ਤੇ ਵਿਚਾਰ-ਵਟਾਂਦਰਾ ਹੋਇਆ, ਜਿਸ ਨਾਲ ਭਾਗੀਦਾਰਾਂ ਦਰਮਿਆਨ ਸਾਰਥਕ ਚਰਚਾ ਅਤੇ ਗਿਆਨ ਦਾ ਅਦਾਨ-ਪ੍ਰਦਾਨ ਹੋਇਆ।

# ਬਲੀਏਵਾਲ ਨੇ ਅਮਿਤ ਸ਼ਾਹ ਦਾ ਮੋਗਾ ਪਹੁੰਚਣ ਤੇ ਗਰਮਜੋਸ਼ੀ ਨਾਲ ਕੀਤਾ ਸਵਾਗਤ

ਜ਼ਿਕਰ ਪੰਜਾਬ
**ਲੁਧਿਆਣਾ/ਬਿਊਰੋ**

ਹਲਕਾ ਸਾਹਨੇਵਾਲ ਤੋਂ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਤੇ ਪੰਜਾਬ ਦੇ ਬੁਲਾਰੇ ਪ੍ਰਿਤਪਾਲ ਸਿੰਘ ਬੱਲੀਏਵਾਲ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਭਾਜਪਾ ਵਰਕਰਾਂ ਨੇ ਅਤੇ ਸਮਰਥਕਾਂ ਨੇ ਮੋਗਾ ਵਿਖੇ ਆਯੋਜਿਤ ਭਾਜਪਾ ਦੀ ਵਿਸ਼ਾਲ "ਬਦਲਾਅ ਰੈਲੀ"ਵਿੱਚ ਸ਼ਿਰਕਤ ਕੀਤੀ। ਦੇਸ਼ ਦੇ ਮਾਨਯੋਗ ਗ੍ਰਿਹ ਮੰਤਰੀ ਅਮਿਤ ਸ਼ਾਹ ਜੀ ਇਸ ਰੈਲੀ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ, ਜਿੰਨ੍ਹਾ ਦਾ ਪ੍ਰਿਤਪਾਲ ਸਿੰਘ ਬੱਲੀਏਵਾਲ ਵੱਲੋਂ ਬੜੀ ਹੀ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਰੈਲੀ ਨੂੰ ਲੈ ਕੇ ਸਾਹਨੇਵਾਲ ਹਲਕੇ ਵਿੱਚ ਵੱਡਾ ਉਤਸ਼ਾਹ ਦੇਖਣ ਨੂੰ ਮਿਲਿਆ। ਰੈਲੀ ਲਈ ਹਲਕਾ ਸਾਹਨੇਵਾਲ ਦੇ ਪਿੰਡ ਘੁਮੈਤ, ਪੰਜੇਟਾ, ਕੂੰਮ ਕਲਾਂ, ਕੂੰਮ ਖੁਰਦ, ਬੱਲੀਏਵਾਲ, ਚੌਂਤਾ, ਮੱਤੇਵਾੜਾ, ਮੰਗਲੀ, ਸਸਰਾਲੀ, ਬੂਥਗੜ੍ਹ, ਕਨੀਜਾ, ਢੇਰੀ, ਕਾਕੋਵਾਲ, ਨੂਰਵਾਲਾ, ਮੇਹਰਬਾਨ, ਜਗੀਰਪੁਰ, ਕੱਕਾ, ਭਾਮੀਆਂ, ਮੁੰਡੀਆਂ, ਮੁੰਡੀਆਂ ਟਿੱਬਾ, ਨੀਚੀ ਮੰਗਲੀ, ਕਟਾਣੀ ਕਲਾਂ, ਸਾਹਨੇਵਾਲ ਸ਼ਹਿਰ,



ਲੁਧਿਆਣਾ ਕਾਰਪੋਰੇਸ਼ਨ ਦੇ 5 ਵਾਰਡ ਅਤੇ ਢੰਡਾਰੀ ਵਿੱਚੋਂ ਭਾਜਪਾ ਵਰਕਰ ਬੱਸਾਂ, ਕਾਰਾਂ ਅਤੇ ਹੋਰ ਸਾਧਨਾਂ ਰਾਹੀਂ ਮੋਗਾ ਲਈ ਰਵਾਨਾ ਹੋਏ ਅਤੇ ਬੱਲੀਏਵਾਲ ਦੀ ਅਗਵਾਈ ਹੇਠ ਸਾਹਨੇਵਾਲ ਹਲਕੇ ਤੋਂ ਵੱਡੇ ਕਾਫਲੇ ਦੇ ਰੂਪ ਵਿੱਚ ਲੋਕ ਮੋਗਾ ਪਹੁੰਚੇ ਅਤੇ ਰੈਲੀ ਨੂੰ ਸਫਲ ਬਣਾਉਣ ਵਿੱਚ ਆਪਣਾ ਯੋਗਦਾਨ ਪਾਇਆ। ਇਸ ਮੌਕੇ ਬੱਲੀਏਵਾਲ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਮੌਜੂਦਾ ਸਰਕਾਰ ਦੀਆਂ ਨਾਕਾਮੀਆਂ ਤੋਂ ਤੰਗ ਆ ਚੁੱਕੇ ਹਨ ਅਤੇ ਉਹ ਰਾਜ ਵਿੱਚ ਬਦਲਾਅ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਹੀ ਉਹ ਪਾਰਟੀ ਹੈ ਜੋ ਪੰਜਾਬ ਨੂੰ ਤਰੱਕੀ ਅਤੇ ਖੁਸ਼ਹਾਲੀ ਦੀ ਨਵੀਂ ਦਿਸ਼ਾ ਦੇ ਸਕਦੀ ਹੈ। ਮੋਗਾ ਵਿੱਚ ਹੋਈ ਇਹ ਵਿਸ਼ਾਲ ਰੈਲੀ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਪੰਜਾਬ ਦੇ ਲੋਕ ਭਾਜਪਾ ਦੀ ਨੀਤੀਆਂ ਅਤੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ 'ਤੇ ਭਰੋਸਾ ਕਰਦੇ ਹਨ। ਬੱਲੀਏਵਾਲ ਨੇ ਸਾਹਨੇਵਾਲ ਹਲਕੇ ਦੇ ਸਾਰੇ ਕਾਰਕੁੰਨਾਂ, ਆਗੂਆਂ ਅਤੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮਿਹਨਤ ਅਤੇ ਜਜ਼ਬੇ ਨਾਲ ਹੀ ਰੈਲੀ ਇਤਿਹਾਸਕ ਬਣੀ ਹੈ।

# ਏਜੀਆਈ ਸਪੋਰਟਸ ਇੰਸਟੀਚਿਊਟ ਆਫ ਇੰਡੀਆ ਵੱਲੋਂ ਹਫਤਾਵਾਰੀ ਕ੍ਰਿਕਟ ਲੀਗ ਟੂਰਨਾਮੈਂਟ ਦਾ ਆਯੋਜਨ ਕੀਤਾ ਜਾਵੇਗਾ

ਜ਼ਿਕਰ ਪੰਜਾਬ
**ਜਲੰਧਰ/ਬਲਵਿੰਦਰ ਕੁਮਾਰ**

ਨੌਜਵਾਨਾਂ ਵਿੱਚ ਖੇਡਾਂ ਦੀ ਭਾਵਨਾ ਨੂੰ ਵਧਾਉਣ ਅਤੇ ਉਨ੍ਹਾਂ ਨੂੰ ਸਿਹਤਮੰਦ ਤੇ ਅਨੁਸ਼ਾਸਿਤ ਜੀਵਨ ਸ਼ੈਲੀ ਵੱਲ ਪ੍ਰੇਰਿਤ ਕਰਨ ਲਈ ਏ ਜੀ ਆਈ ਸਪੋਰਟਸ ਇੰਸਟੀਟਿਊਟ ਆਫ ਇੰਡੀਆ , ਜੋ ਕਿ ਏ ਜੀ ਆਈ ਇੰਫਰਾ ਲਿਮਿਟਿਡ ਦੀ ਇਕ ਇਕਾਈ ਹੈ, ਨੇ ਹਫਤਾਵਾਰੀ ਕ੍ਰਿਕਟ ਲੀਗ ਟੂਰਨਾਮੈਂਟ ਕਰਵਾਉਣ ਦਾ ਐਲਾਨ ਕੀਤਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਸੰਸਥਾ ਦੇ ਵਾਈਸ ਪ੍ਰੈਜ਼ੀਡੈਂਟ ਸਰਦਾਰ ਵਰਿੰਦਰ ਸਿੰਘ ਨੇ ਦੱਸਿਆ ਕਿ ਇਸ ਲੀਗ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ, ਉਨ੍ਹਾਂ ਦੀ ਸਰੀਰਕ ਤੰਦਰੁਸਤੀ ਬਣਾਈ ਰੱਖਣਾ ਅਤੇ ਉਨ੍ਹਾਂ ਨੂੰ ਨਸ਼ਿਆਂ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਣਾ ਹੈ। ਆਪਣੇ ਸੰਦੇਸ਼ ਵਿੱਚ ਏ ਜੀ ਆਈ ਇੰਫਰਾ ਲਿਮਿਟਿਡ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਸੁਖਦੇਵ ਸਿੰਘ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਦੇ ਚਰਿੱਤਰ ਨਿਰਮਾਣ, ਅਨੁਸ਼ਾਸਨ ਅਤੇ ਸਕਾਰਾਤਮਕ ਸੋਚ ਨੂੰ ਵਿਕਸਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੇ ਖੇਡ ਸਮਾਗਮ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦਿੰਦੇ ਹਨ ਅਤੇ ਉਨ੍ਹਾਂ ਦੀ ਊਰਜਾ ਨੂੰ ਚੰਗੀ ਦਿਸ਼ਾ ਵਿੱਚ ਲਗਾਉਂਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਏ ਜੀ ਆਈ ਟਾਊਨਸ਼ਿਪਾਂ ਵਿੱਚ



ਖੇਡਾਂ ਅਤੇ ਫਿਟਨੈਸ ਗਤੀਵਿਧੀਆਂ ਨੂੰ ਵਧਾਉਣ ਲਈ ਵਚਨਬੱਧ ਹੈ ਅਤੇ ਭਵਿੱਖ ਵਿੱਚ ਵੀ ਅਜਿਹੇ ਖੇਡਾਂ ਦੇ ਪ੍ਰੋਗਰਾਮ ਕਰਵਾਉਂਦਾ ਰਹੇਗਾ। ਇਸ ਹਫਤਾਵਾਰੀ ਕ੍ਰਿਕਟ ਲੀਗ ਵਿੱਚ ਏ ਜੀ ਆਈ ਦੀਆਂ ਵੱਖ-ਵੱਖ ਟਾਊਨਸ਼ਿਪਾਂ ਅਤੇ ਸੰਬੰਧਿਤ ਸਮੂਹਾਂ ਦੀਆਂ 17 ਟੀਮਾਂ ਹਿੱਸਾ ਲੈਣਗੀਆਂ। ਸਰਦਾਰ ਅਭਿਜੀਤ ਸਿੰਘ , ਜੋ ਕਿ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਲਾਈਫ ਮੈਂਬਰ ਹਨ, ਨੇ ਕਿਹਾ ਕਿ ਇਹ ਲੀਗ ਨਿਵਾਸੀਆਂ, ਨੌਜਵਾਨਾਂ ਅਤੇ ਖੇਡ ਪ੍ਰੇਮੀਆਂ ਨੂੰ ਸਿਹਤਮੰਦ ਮੁਕਾਬਲੇ, ਆਪਸੀ ਭਾਈਚਾਰੇ ਅਤੇ ਸਮਾਜਿਕ ਏਕਤਾ ਦੇ ਮਾਹੌਲ ਵਿੱਚ ਇਕੱਠੇ ਹੋਣ ਦਾ ਵਧੀਆ ਮੌਕਾ ਦੇਵੇਗੀ। ਇਸ ਟੂਰਨਾਮੈਂਟ ਦੇ ਮੈਚ ਜਲੰਧਰ ਹਾਈਟਸ 1 ਦੇ ਟੀ ਬਲੋਕ ਕ੍ਰਿਕਟ ਗਰਾਊਂਡ ਵਿੱਚ ਖੇਡੇ ਜਾਣਗੇ, ਜੋ ਜਲੰਧਰ ਦੇ 66 ਫੁੱਟ ਰੋਡ ਉੱਤੇ ਸਥਿਤ ਹੈ।

# ਪੰਜਾਬ ਤੇ ਪੰਜਾਬੀਆਂ ਦੇ ਹੱਕਾਂ ਲਈ ਸੰਘਰਸ਼ ਕਰਦੇ ਰਹਾਂਗੇ: ਸੁਖਬੀਰ ਸਿੰਘ ਬਾਦਲ ਨੇ ਕੀਤਾ ਐਲਾਨ

ਜ਼ਿਕਰ ਪੰਜਾਬ

**ਸਾਹਨੇਵਾਲ** : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਉਹ ਪੰਜਾਬ ਤੇ ਪੰਜਾਬੀਆਂ ਦੇ ਹੱਕਾਂ ਵਾਸਤੇ ਡਟੇ ਰਹਿਣਗੇ ਅਤੇ ਉਹਨਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਸੂਬੇ ਦੇ ਲੋਕ 2027 ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨਾਲ ਡਟਣਗੇ ਤੇ ਇਸਨੂੰ ਲਾਮਿਸਾਲ ਜਿੱਤ ਪ੍ਰਦਾਨ ਕਰਨਗੇ। ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਵਿਚ ਇਕੱਲਿਆਂ ਚੋਣਾਂ ਲੜਨ ਦੇ ਐਲਾਨ 'ਤੇ ਪ੍ਰਤੀਕਰਮ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਪਾਰਟੀ ਦੀ ਪੰਜਾਬ ਬਚਾਓ ਯਾਤਰਾ ਦੇ ਤਹਿਤ 20 ਹਜ਼ਾਰ ਤੋਂ ਵੱਧ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਰ ਪਾਰਟੀ ਨੂੰ ਗਠਜੋੜ ਦੇ ਮਾਮਲੇ ਵਿਚ ਆਪਣਾ ਫੈਸਲਾ ਲੈਣ ਦਾ ਅਧਿਕਾਰ ਹੈ। ਉਹਨਾਂ ਕਿਹਾ ਕਿ ਅਕਾਲੀ ਦਲ ਨੇ 2024 ਦੀਆਂ ਪਾਰਲੀਮਾਨੀ ਚੋਣਾਂ ਇਕੱਲਿਆਂ ਲੜੀਆਂ ਤੇ ਸਾਡੇ ਵਾਸਤੇ ਪੰਜਾਬ ਤੇ ਪੰਜਾਬੀਆਂ ਦੇ ਹਿੱਤ ਸਭ ਤੋਂ ਉਪਰ ਹਨ। ਸਰਦਾਰ ਬਾਦਲ ਨੇ ਸਪਸ਼ਟ ਕੀਤਾ ਕਿ ਅਕਾਲੀ ਦਲ ਦਿੱਲੀ ਆਧਾਰਿਤ ਪਾਰਟੀਆਂ ਜੋ ਸਿਰਫ ਰਾਜ ਕਰਨ ਵਸਤੇ ਆਉਂਦੀਆਂ ਹਨ, ਤੋਂ ਬਿਲਕੁਲ ਵੱਖਰਾ ਹੈ ਤੇ ਕਿਹਾ ਕਿ ਅਕਾਲੀ ਦਲ ਹਮੇਸ਼ਾ ਸਿਧਾਂਤਾਂ ਵਾਸਤੇ ਡਟਿਆ ਹੈ ਤੇ ਡਟਿਆ ਰਹੇਗਾ। ਉਹਨਾਂ ਕਿਹਾ ਕਿ ਪਹਿਲਾਂ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਸੂਬੇ ਦੇ ਹਿੱਤਾਂ ਨਾਲ ਸਮਝੌਤਾ ਕਰਨ ਵਾਸਤੇ ਕਈ ਲਾਲਚ ਦਿੱਤੇਗਏ ਪਰ ਉਹ 17 ਸਾਲਾਂ ਤੱਕ ਜੇਲ੍ਹਾਂ ਵਿਚ ਰਹੇ। ਉਹਨਾਂ ਕਿਹਾ ਕਿ ਮੈਂ ਵੀ ਪੰਜਾਬ ਦੇ ਹੱਕਾਂ ਵਾਸਤੇ ਸੰਘਰਸ਼ ਕਰਦਾ ਰਹਾਂਗਾ। ਮੈਨੂੰ ਪੰਜਾਬੀਆਂ ਦੀ ਸਿਆਣਪ 'ਤੇ ਪੂਰਨ ਵਿਸ਼ਵਾਸ ਹੈ ਜਿਹਨਾ ਨਾਲ ਦਿੱਲੀ ਆਧਾਰਿਤ ਪਾਰਟੀਆਂ ਨੇ ਧੋਖਾ ਕੀਤਾ ਹੈ। ਉਹਨਾਂ ਕਿਹਾ ਕਿ ਮੈਨੂੰ ਪੂਰਨ ਵਿਸ਼ਵਾਸ ਹੈ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬੀ ਅਕਾਲੀ ਦਲ ਨੂੰ 100 ਤੋਂ ਵੱਧ ਸੀਟਾਂ ਦੇਣਗੇ। ਇਸ ਤੋਂ ਪਹਿਲਾਂ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸਰਦਾਰ ਬਾਦਲ ਨੇ ਕਿਹਾ ਕਿ ਕੀ ਅਮਿਤ ਸ਼ਾਹ ਜਾਂ ਮੋਦੀ ਜੀ ਤੁਹਾਡੇ ਵਾਸਤੇ ਉਹੀ ਚਿੰਤਾ ਕਰ ਸਕਦੇ ਹਨ ਜੋ ਬਾਦਲ ਪਰਿਵਾਰ ਜਾਂ ਅਕਾਲੀ ਦਲ ਕਰਦਾ ਹੈ ? ਉਹਨਾਂ ਜ਼ੋਰ ਦੇ ਕੇ ਕਿਹਾ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਸਮੇਤ ਦਿੱਲੀ ਦੀਆਂ ਪਾਰਟੀਆਂ ਪੰਜਾਬ ਨੂੰ ਲੁੱਟਣ ਵਾਸਤੇ ਆਉਂਦੀਆਂ ਹਨ। ਉਹਨਾਂ ਕਿਹਾ ਕਿ ਦੂਜੇ ਪਾਸੇ ਅਕਾਲੀ ਹਮੇਸ਼ਾ ਪੰਜਾਬੀਆਂ ਨਾਲ ਚੰਗੇ ਮਾੜੇ ਸਮੇਂ ਵਿਚ ਡਟਿਆ ਹੈ ਤੇ ਉਹਨਾਂ ਉਦਾਹਰਣ ਦਿੱਤੀ ਕਿ ਕਿਵੇਂ ਪਿਛਲੇ ਸਾਲ ਆਏ ਹੜ੍ਹਾਂ ਦੌਰਾਨ ਆਮ ਆਦਮੀ ਪਾਰਟੀ ਸਰਕਾਰ ਤੇ ਕੇਂਦਰ ਸਰਕਾਰ ਪੰਜਾਬੀਆਂ ਨੂੰ ਉਹਨਾਂ ਦੇ ਹਾਲ 'ਤੇ ਛੱਡ ਗਈ ਤਾਂ ਅਕਾਲੀ ਦਲ



ਉਹਨਾਂ ਵਾਸਤੇ ਡਟਿਆ ਰਿਹਾ। ਸਾਬਕਾ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਵੱਲੋਂ ਵਿਸ਼ਵ ਸਕਿੱਲ ਯੂਨੀਵਰਸਿਟੀ ਸਥਾਪਿਤ ਕਰਨ ਦੀ ਮੰਗ ਬਾਰੇ ਸਰਦਾਰ ਬਾਦਲ ਨੇ ਕਿਹਾ ਕਿ ਅਸੀਂ ਇਹ ਯੂਨੀਵਰਸਿਟੀ ਸਥਾਪਿਤ ਕਰਾਂਗੇ ਅਤੇ ਯਕੀਨੀ ਬਣਾਵਾਂਗੇ ਕਿ ਸਾਡੇ ਨੌਜਵਾਨਾਂ ਨੂੰ ਇੰਡਸਟਰੀ ਦੀ ਮੰਗ ਮੁਤਾਬਕ ਸਿੱਖਲਾਈ ਮਿਲ ਸਕੇ। ਉਹਨਾਂ ਨੇ ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਦੀ ਪਾਰਟੀ ਪ੍ਰਤੀ ਵਫਾਦਾਰੀ ਦੀ ਵੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਕਈ ਆਗੂ ਇਹ ਸੋਚ ਕੇ ਪਾਰਟੀ ਛੱਡ ਗਏ ਕਿ ਪਾਰਟੀ ਖ਼ਤਮ ਹੋ ਗਈ ਹੈ। ਉਹਨਾਂ ਕਿਹਾ ਕਿ ਹੁਣ ਇਹੀ ਆਗੂ ਪਾਰਟੀ ਵਿਚ ਵਾਪਸ ਪਰਤ ਰਹੇ ਹਨ ਅਤੇ ਮੁੜ ਵਾਪਸੀ ਵਾਸਤੇ ਉਹਨਾਂ ਦੇ ਬੂਹੇ ਭੰਨ ਰਹੇ ਹਨ। ਉਹਨਾਂ ਕਿਹਾ ਕਿ ਉਹਨਾਂ ਦਾ ਸਵਾਲ ਇਹ ਹੈ ਕਿ ਇਹ ਲੋਕ ਛੱਡ ਕੇ ਕਿਉਂ ਗਏ ਸਨ ? ਉਹਨਾਂ ਕਿਹਾ ਕਿ ਅਸੀਂ ਕਾਨੂੰਨ ਲਿਆਵਾਂਗੇ ਜਿਸ ਤਹਿਤ ਗੈਂਗਸਟਰਾਂ ਤੇ ਨਸ਼ਾ ਤਸਕਰਾਂ ਨੂੰ ਜ਼ਮਾਨਤ ਨਾ ਮਿਲ ਸਕੇ ਅਤੇ ਉਹਨਾਂ ਦੀਆਂ ਜਾਇਦਾਦਾਂ ਜ਼ਬਤ ਹੋ ਸਕਣ। ਉਹਨਾਂ ਅਗਲੀ ਸਰਕਾਰ ਦੀ ਇਕ ਹੋਰ ਤਰਜੀਹ ਦੀ ਗੱਲ ਕਰਦਿਆਂ ਕਿਹਾ ਕਿ ਅਸੀਂ ਉਦਯੋਗਿਕ ਤੇ ਸੀਵਰੇਜ ਦਾ ਇਕ ਬੂੰਦ ਪਾਣੀ ਵੀ ਸਤਲੁਜ ਤੇ ਬਿਆਸ ਦਰਿਆ ਵਿਚ ਨਹੀਂ ਜਾਣ ਦਿਆਂਗੇ। ਉਹਨਾਂ ਕਿਹਾ ਕਿ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਮਾਲਵਾ ਪੱਟੀ ਵਿਚ ਕੈਂਸਰ ਦੇ ਟਾਕਰੇ ਵਾਸਤੇ ਅਜਿਹਾ ਕਰਨਾ ਜ਼ਰੂਰੀ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਇਹ ਵੀ ਐਲਾਨ ਕੀਤਾ ਕਿ ਅਕਾਲੀ ਦਲ ਸੱਤਾ ਵਿਚ ਆਉਣ 'ਤੇ ਰਾਜਸਥਾਨ ਨਹਿਰ ਵਿਚ ਇਕ ਵੀ ਬੂੰਦ ਪਾਣੀ ਨਹੀਂ ਜਾਣ ਦੇਵੇਗਾ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਹੀ ਪੰਜਾਬ ਦਾ ਪਾਣੀ ਰਾਜਸਥਾਨ ਨੂੰ ਦੇਣ ਵਾਸਤੇ ਜ਼ਿੰਮੇਵਾਰ ਹੈ ਤੇ ਅਕਾਲੀ ਦਲ ਇਸ ਇਤਿਹਾਸਕ ਅਨਿਆਂ ਨੂੰ ਠੀਕ ਕਰੇਗਾ। ਉਹਨਾਂ ਕਿਹਾ ਕਿ ਰਾਜਸਥਾਨ ਨਹਿਰ ਤੋਂ ਜਾਂਦਾ ਪਾਣੀ ਰੋਕ ਕ ਪੰਜਾਬ ਦੇ ਖੇਤਾਂ ਵੱਲ ਮੋੜਿਆ ਜਾਵੇਗਾ। ਉਹਨਾਂ ਇਹ ਵੀ ਐਲਾਨ ਕੀਤਾ ਕਿ ਪਿਛਲੀ ਕਾਂਗਰਸ ਤੇ ਮੌਜੂਦਾ ਆਪ ਸਰਕਾਰ ਦੇ ਰਾਜ ਵਿਚ ਜਿਹੜੇ ਵਪਾਰੀ ਟੈਕਸ ਅਤਿਵਾਦ ਝਲ ਰਹੇ ਹਨ ਉਹਨਾਂ ਵਾਸਤੇ 'ਰਾਹਤ' ਸਕੀਮ ਸ਼ੁਰੂ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਅਸੀਂ ਨੌਜਵਾਨਾਂ ਨੂੰ 10 ਲੱਖ ਰੁਪਏ ਵਿਆਜ਼ ਮੁਕਤ ਕਰਜ਼ਾ ਪ੍ਰਦਾਨ ਕਰਾਂਗੇ ਤਾਂ ਜੋ ਉਹਨਾਂ ਨੂੰ ਉਦਮੀ ਬਣਾਇਆ ਜਾ ਸਕੇ ਅਤੇ ਅਸੀਂ ਆਟਾ ਦਾਲ ਸਕੀਮ ਤੇ ਬੁਢਾਪਾ ਪੈਨਸ਼ਨ ਨੂੰ ਮੁੜ ਸ਼ੁਰੂ ਕਰ ਕੇ 3100 ਰੁਪਏ ਪ੍ਰਤੀ ਮਹੀਨਾ ਕਰਨ ਦੇ ਨਾਲ ਨਾਲ ਸ਼ਗਨ ਸਕੀਮ ਵਧਾ ਕੇ 1 ਲੱਖ ਰੁਪਏ ਕਰਾਂਗੇ। ਉਹਨਾਂ ਇਹ ਵੀ ਐਲਾਨ ਕੀਤਾ ਕਿ ਜਿਹੜੇ ਕਿਸਾਨਾਂ ਕੋਲ ਟਿਊਬਵੈਲ ਕੁਨੈਕਸ਼ਨ ਨਹੀਂ ਹੋਣਗੇ, ਉਹਨਾਂ ਨੂੰ ਇਹ ਕੁਨੈਕਸ਼ਨ ਦਿੱਤੇ ਜਾਣਗੇ। ਇਸ ਮੌਕੇ ਸੀਨੀਅਰ ਆਗੂ ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਨੂੰ ਇਲਾਕੇ ਵਿਚ ਮਾਇਨਿੰਗ ਦਾ ਹੱਕ ਮਿਲਣਾ ਚਾਹੀਦਾ ਹੈ ਜਿਥੇ ਉਹਨਾਂ ਨੇ ਹੜ੍ਹਾਂ ਦਾ ਸੰਤਾਪ ਹੰਢਾਇਆ ਹੈ। ਇਸ ਮੌਕੇ ਸੀਨੀਅਰ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਸਿਮਰਨਜੀਤ ਸਿੰਘ ਢਿੱਲੋਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸੀਨੀਅਰ ਆਗੂ ਕਮਲ ਚੇਤਲੀ, ਰਣਜੀਤ ਸਿੰਘ ਢਿੱਲੋਂ ਅਤੇ ਭੁਪਿੰਦਰ ਸਿੰਘ ਭਿੰਦਾ ਵੀ ਮੌਜੂਦ ਸਨ।

# ਸ਼੍ਰੋਮਣੀ ਕਮੇਟੀ ਕਾਲਜਾਂ ਦੇ ਵਿਦਿਆਰਥੀਆਂ ਲਈ ਤੀਜੇ ਰੁਜ਼ਗਾਰ ਮੇਲੇ ਦਾ ਆਯੋਜਨ

ਜ਼ਿਕਰ ਪੰਜਾਬ
**ਚੰਡੀਗੜ੍ਹ/ਬਿਊਰੋ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ ਤਹਿਤ ਸਕੱਤਰ ਵਿੱਦਿਆ ਇੰਜੀਨੀਅਰ ਸੁਖਮਿੰਦਰ ਸਿੰਘ ਦੀ ਅਗਵਾਈ ਹੇਠ ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਬਹਾਦਰਗੜ੍ਹ (ਪਟਿਆਲਾ) ਵਲੋਂ ਧਾਰਮਿਕ, ਸਮਾਜਿਕ ਅਤੇ ਵਿਦਿਅਕ ਗਤੀ-ਵਿਧੀਆਂ ਵਿਚ ਵਡਮੁੱਲਾ ਯੋਗਦਾਨ ਦਿੱਤਾ ਜਾ ਰਿਹਾ ਹੈ। ਜਿਥੇ ਧਾਰਮਿਕ ਪ੍ਰੀਖਿਆ, ਪ੍ਰਸ਼ਨੋਤਰੀ ਮੁਕਾਬਲੇ, ਅੰਤਰਰਾਸ਼ਟਰੀ ਕਾਨਫਰੰਸ/ਸੈਮੀਨਾਰ ਆਦਿ ਕਰਵਾਏ ਜਾ ਰਹੇ ਹਨ, ਉੱਥੇ ਹੀ ਯੂ.ਪੀ.ਐੱਸ.ਸੀ., ਪੀ.ਪੀ.ਐੱਸ.ਸੀ. ਅਤੇ ਪੀ.ਸੀ.ਐਸ. ਜੁਡੀਸ਼ੀਅਲ ਵਰਗੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਬਿਲਕੁੱਲ ਮੁਫ਼ਤ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਇਸੇ ਲੜੀ ਤਹਿਤ ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਬਹਾਦਰਗੜ੍ਹ, ਪਟਿਆਲਾ ਵਲੋਂ ਸਕੱਤਰ ਵਿੱਦਿਆ ਇੰਜ. ਸੁਖਮਿੰਦਰ ਸਿੰਘ ਦੇ ਯਤਨਾਂ ਸਦਕਾ ਇਕ ਵਿਸ਼ੇਸ਼ ਉਪਰਾਲਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਕਾਲਜਾਂ ਦੇ ਵਿਦਿਆਰਥੀਆਂ ਲਈ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਕਾਲਜਾਂ ਵਿਚ ਪਲੇਸਮੈਂਟ ਸੈੱਲ ਸਥਾਪਿਤ ਕਰਕੇ ਉਨ੍ਹਾਂ ਦੇ ਪਲੇਸਮੈਂਟ ਅਫ਼ਸਰ ਨਿਯੁਕਤ ਕੀਤੇ ਗਏ ਹਨ। ਇਸੇ ਤਹਿਤ ਵਿਦਿਆਰਥੀਆਂ ਨੂੰ ਇੰਟਰਵਿਊ ਦੀ ਤਿਆਰੀ ਕਰਵਾਉਣ ਹਿੱਤ ਨੰਦੀ ਫਾਊਡੇਸ਼ਨ, ਮਹਿੰਦਰਾ ਪ੍ਰਾਈਡ ਅਤੇ ਹੋਰ ਮਾਹਿਰਾਂ ਦੀਆਂ ਸੇਵਾਵਾਂ ਲੈਂਦੇ ਹੋਏ ਕਾਲਜਾਂ ਵਿਚ ਵਰਕਸ਼ਾਪ ਲਗਾ ਕੇ ਵਿਦਿਆਰਥੀਆਂ ਨੂੰ ਮੋਟੀਵੇਸ਼ਨ ਲੈਕਚਰ ਰਾਹੀਂ ਰਿਜ਼ਿਊਮ ਰਾਈਟਿੰਗ, ਇੰਟਰਵਿਊ ਲਈ ਤਿਆਰੀ ਕਰਵਾਉਣ ਦੇ ਨਾਲ ਨਾਲ ਰੁਜ਼ਗਾਰ ਯੋਗਤਾ ਵਧਾਉਣ ਲਈ ਵੀ ਜਾਗਰੂਕ ਕੀਤਾ ਗਿਆ। ਇਸਦੇ ਤਹਿਤ ਦੇਸ਼ ਦੀਆਂ ਨਾਮਵਰ ਕੰਪਨੀਆਂ ਨਾਲ ਰਾਬਤਾ ਕਰਦੇ ਹੋਏ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਸਥਿਤ ਦਫ਼ਤਰ ਗੁਰਦੁਆਰਾ ਸ੍ਰੀ ਕਲਗੀਧਰ ਨਿਵਾਸ, ਸੈਕਟਰ 27 ਵਿਖੇ ਤੀਜੀ ਮੈਗਾ ਪਲੇਸਮੈਂਟ ਡਰਾਈਵ ਕਰਵਾਈ ਗਈ ਜਿਸ ਵਿਚ ਬੈਕਿੰਗ ਫਾਇਨੈਂਸ਼ੀਅਲ ਸੈਕਟਰ, ਆਈ.ਟੀ. ਸੈਕਟਰ, ਮੈਨੂਫੈਕਚਰਿੰਗ / ਪ੍ਰੋਡਕਸ਼ਨ ਸੈਕਟਰ ਤੋਂ 26 ਨਾਮਪੁਰ ਕੰਪਨੀਆਂ ਵਿਦਿਆਰਥੀਆਂ ਦੀ ਚੋਣ ਲਈ ਪਹੁੰਚੀਆਂ। ਮੈਗਾ ਪਲੇਸਮੈਂਟ ਡਰਾਈਵ ਦੌਰਾਨ ਸ. ਰਘੂਜੀਤ ਸਿੰਘ ਵਿਰਕ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦੇ ਹੋਏ ਪ੍ਰਬੰਧਾਂ ਦਾ ਜਾਇਜ਼ਾ ਲਿਆ। ਸ. ਵਿਰਕ ਨੇ ਮੈਗਾ ਪਲੇਸਮੈਂਟ ਡਰਾਈਵ ਵਿਚ ਵੱਖ-ਵੱਖ ਨਾਮੀ ਕੰਪਨੀਆਂ ਦੀ ਸ਼ਮੂਲੀਅਤ, ਪਲੇਸਮੈਂਟ ਡਰਾਈਵ ਦੇ ਸੁਚੱਜੇ ਪ੍ਰਬੰਧਾਂ ਅਤੇ ਵਿਦਿਆਰਥੀਆਂ ਦੇ ਉਤਸ਼ਾਹ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸ਼?ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਕਾਲਜਾਂ ਵਿਚ ਪੜ੍ਹ ਰਹੇ ਵਿਦਿਆਰਥੀਆਂ ਲਈ ਉੱਚ ਵਿਦਿਆ ਗ੍ਰਹਿਣ ਕਰਨ ਦੇ ਨਾਲ ਨਾਲ ਰੁਜ਼ਗਾਰ ਹਾਸਿਲ ਕਰਨ ਦਾ ਵੀ ਇਹ ਸੁਨਹਿਰੀ ਮੌਕਾ ਹੈ। ਇਸ ਮੌਕੇ ਸਕੱਤਰ ਵਿੱਦਿਆ ਇੰਜੀ. ਸੁਖਮਿੰਦਰ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਕਾਲਜਾਂ ਦੀ ਸਾਂਝੇ ਤੌਰ 'ਤੇ ਇਹ ਪਲੇਸਮੈਂਟ ਡਰਾਈਵ ਤੀਜੀ ਵਾਰ ਕਰਵਾਈ ਗਈ ਹੈ ਜੋ ਕਿ ਵਿਦਿਆਰਥੀਆਂ ਲਈ ਨੌਕਰੀ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਉਨ੍ਹਾਂ ਦੱਸਿਆ ਕਿ ਮੈਗਾ ਪਲੇਸਮੈਂਟ ਡਰਾਈਵ ਦੌਰਾਨ ਵਿਦਿਆਰਥੀਆਂ ਵਿਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਪਿਛਲੇ 2 ਸਾਲਾਂ ਦੌਰਾਨ ਇਸੇ ਤਰ੍ਹਾਂ ਮੈਗਾ ਪਲੇਸਮੈਂਟ ਡਰਾਈਵ ਦੇ ਆਯੋਜਨ ਦੌਰਾਨ ਨਾਮਵਰ ਕੰਪਨੀਆਂ ਵਲੋਂ 900 ਦੇ ਕਰੀਬ ਵਿਦਿਆਰਥੀਆਂ ਦੀ ਚੋਣ ਕੀਤੀ ਗਈ ਸੀ। ਮੈਗਾ ਪਲੇਸਮੈਂਟ ਡਰਾਈਵ ਦੇ ਕੋਆਰਡੀਨੇਟਰ ਪ੍ਰਿੰਸੀਪਲ ਡਾ. ਸਰਬਜੀਤ ਕੌਰ ਨੇ ਦੱਸਿਆ ਕਿ ਮੈਗਾ ਪਲੇਸਮੈਂਟ ਡਰਾਈਵ ਵਿਚ ਸ਼੍ਰੋਮਣੀ ਕਮੇਟੀ ਦੇ 30 ਕਾਲਜਾਂ ਤੋਂ 70 ਪਲੇਸਮੈਂਟ ਅਫਸਰਾਂ, ਅਧਿਆਪਕਾਂ ਸਮੇਤ 800 ਦੇ ਕਰੀਬ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ ਹੈ।



